**ਸੈਸ਼ਨ: 2025-26**
**ਜਮਾਤ: ਦਸਵੀਂ**
**ਵਿਸ਼ਾ: ਪੰਜਾਬੀ (ਪੇਪਰ: ੲ)**

**ਸਮਾਂ: 3 ਘੰਟੇ** **ਪ੍ਰਸ਼ਨ-ਪੱਤਰ ਦੀ ਰੂਪ-ਰੇਖਾ** **ਅੰਕ: 65**

**ਨੋਟ: ਪ੍ਰਸ਼ਨ-ਪੱਤਰ ਦੇ ਕੁੱਲ 10 ਪ੍ਰਸ਼ਨ ਹੋਣਗੇ। ਸਾਰੇ ਹੱਲ ਕਰਨੇ ਲਾਜ਼ਮੀ ਹੋਣਗੇ।**

**ਪ੍ਰਸ਼ਨ 1. ਇਹ ਪ੍ਰਸ਼ਨ ਵਸਤੂਨਿਸ਼ਠ ਕਿਸਮ ਦਾ ਹੋਵੇਗਾ:** **8+8+4=20**

ਭਾਗ (ੳ): ਸਾਹਿਤ-ਮਾਲ਼ਾ 10 ਪਾਠ-ਪੁਸਤਕ ਦੇ ਨਿਰਧਾਰਿਤ ਕਾਵਿ-ਧਰਾਵਾਂ ਵਿੱਚੋਂ 2 ਪ੍ਰਸ਼ਨ ਅਤੇ ਵਾਰਤਕ ਭਾਗ ਵਿੱਚੋਂ 2 ਪ੍ਰਸ਼ਨ ਪੁੱਛੇ ਜਾਣਗੇ।

ਭਾਗ (ਅ): ਵੰਨਗੀ 10 ਪਾਠ-ਪੁਸਤਕ ਦੇ ਕਹਾਣੀ ਭਾਗ ਵਿੱਚੋਂ 2 ਪ੍ਰਸ਼ਨ ਅਤੇ ਇਕਾਂਗੀ ਭਾਗ ਵਿੱਚੋਂ 2 ਪ੍ਰਸ਼ਨ ਪੁੱਛੇ ਜਾਣਗੇ।

ਭਾਗ (ੲ): ਨਾਵਲ ਵਿੱਚੋਂ 2 ਪ੍ਰਸ਼ਨ ਪੁੱਛੇ ਜਾਣਗੇ। (ਇਹ ਸਾਰੇ ਪ੍ਰਸ਼ਨ ਦੋ-ਦੋ ਅੰਕ ਦੇ ਹੋਣਗੇ।)

**ਪ੍ਰਸ਼ਨ 2.** ਗੁਰਮਤਿ-ਕਾਵਿ, ਸੂਫ਼ੀ-ਕਾਵਿ, ਕਿੱਸਾ-ਕਾਵਿ ਅਤੇ ਬੀਰ-ਕਾਵਿ ਵਿੱਚੋਂ ਦੋ ਕਾਵਿ-ਟੋਟੇ ਦੇ ਕੇ ਕਿਸੇ ਇੱਕ ਦੀ ਪ੍ਰਸੰਗ ਸਹਿਤ ਵਿਆਖਿਆ ਲਿਖਣ ਲਈ ਕਿਹਾ ਜਾਵੇਗਾ। ਪ੍ਰਸੰਗ ਦੇ 2 ਅੰਕ ਅਤੇ ਵਿਆਖਿਆ ਦੇ 3 ਅੰਕ ਹੋਣਗੇ। **2+3=5**

**ਪ੍ਰਸ਼ਨ 3.** ਕੋਈ ਦੋ ਕਾਵਿ-ਰਚਨਾਵਾਂ ਦੇ ਕੇ ਕਿਸੇ ਇੱਕ ਦਾ ਕੇਂਦਰੀ ਭਾਵ ਲਗ-ਪਗ 40 ਕੁ ਸ਼ਬਦਾਂ ਵਿੱਚ ਲਿਖਣ ਲਈ ਕਿਹਾ ਜਾਵੇਗਾ। **1×4=4**

**ਪ੍ਰਸ਼ਨ 4.** ਸਾਹਿਤ-ਮਾਲ਼ਾ 10 ਪਾਠ-ਪੁਸਤਕ ਦੇ ਵਾਰਤਕ ਲੇਖਾਂ ਵਿੱਚੋਂ ਕੋਈ ਦੋ ਲੇਖ ਦੇ ਕੇ ਉਹਨਾਂ ਵਿੱਚੋਂ ਕਿਸੇ ਇੱਕ ਦਾ ਸਾਰ ਲਗ-ਪਗ 150 ਸ਼ਬਦਾਂ ਵਿੱਚ ਲਿਖਣ ਲਈ ਕਿਹਾ ਜਾਵੇਗਾ। **1×6=6**

**ਪ੍ਰਸ਼ਨ 5.** ਵਾਰਤਕ ਲੇਖਾਂ ਦੇ ਅੰਤ ਵਿੱਚ ਦਿੱਤੇ ਅਭਿਆਸਾਂ ਵਿੱਚੋਂ ਚਾਰ ਪ੍ਰਸ਼ਨ ਦੇ ਕੇ ਕਿਸੇ ਦੋ ਪ੍ਰਸ਼ਨਾਂ ਦਾ ਉੱਤਰ ਲਿਖਣ ਲਈ ਕਿਹਾ ਜਾਵੇਗਾ। **2+2=4**

**ਪ੍ਰਸ਼ਨ 6.** ਵੰਨਗੀ 10 ਪਾਠ-ਪੁਸਤਕ ਦੇ ਵਿੱਚੋਂ ਕੋਈ ਦੋ ਕਹਾਣੀਆਂ ਦੇ ਕੇ ਉਹਨਾਂ ਵਿੱਚੋਂ ਕਿਸੇ ਇੱਕ ਦਾ ਸਾਰ ਲਗ-ਪਗ 150 ਸ਼ਬਦਾਂ ਵਿੱਚ ਲਿਖਣ ਲਈ ਕਿਹਾ ਜਾਵੇਗਾ। **1×6=6**

**ਪ੍ਰਸ਼ਨ 7.** ਕਹਾਣੀਆਂ ਦੇ ਪਾਠ-ਅਭਿਆਸਾਂ ਵਿੱਚੋਂ ਚਾਰ ਪ੍ਰਸ਼ਨ ਦੇ ਕੇ ਕਿਸੇ ਦੋ ਪ੍ਰਸ਼ਨਾਂ ਦਾ ਉੱਤਰ ਲਿਖਣ ਲਈ ਕਿਹਾ ਜਾਵੇਗਾ। **2+2=4**

**ਪ੍ਰਸ਼ਨ 8.** ਇਕਾਂਗੀਆਂ ਵਿੱਚੋਂ ਦੋ ਪਾਤਰ ਦੇ ਕੇ, ਕਿਸੇ ਇੱਕ ਦਾ ਪਾਤਰ-ਚਿਤਰਨ ਲਗ-ਪਗ 125 ਸ਼ਬਦਾਂ ਵਿੱਚ ਲਿਖਣ ਲਈ ਕਿਹਾ ਜਾਵੇਗਾ। **1×5=5**

**ਪ੍ਰਸ਼ਨ 9.** ਇਕਾਂਗੀਆਂ ਵਿੱਚੋਂ ਕੋਈ ਦੋ ਵਾਰਤਾਲਾਪ ਦੇ ਕੇ ਹੇਠਾਂ ਦਿੱਤੇ ਤਿੰਨ ਪ੍ਰਸ਼ਨਾਂ ਦੇ ਉੱਤਰ ਦੇਣ ਲਈ ਕਿਹਾ ਜਾਵੇਗਾ। ਤਿੰਨੇ ਪ੍ਰਸ਼ਨ ਦੋ-ਦੋ ਅੰਕ ਦੇ ਹੋਣਗੇ। **3×2=6**

**ਪ੍ਰਸ਼ਨ 10.** ਨਾਵਲ ਵਿੱਚੋਂ ਕੋਈ ਦੋ ਪਾਤਰ ਦੇ ਕੇ ਕਿਸੇ ਇੱਕ ਦਾ ਪਾਤਰ-ਚਿਤਰਨ ਲਗ-ਪਗ 150 ਸ਼ਬਦਾਂ ਵਿੱਚ ਲਿਖਣ ਲਈ ਕਿਹਾ ਜਾਵੇਗਾ। **1×5=5**

## ਵਸਤੂਨਿਸ਼ਠ ਪ੍ਰਸ਼ਨ:

1. 'ਪਵਣੁ ਗੁਰੂ ਪਾਣੀ ਪਿਤਾ' ਸ਼ਬਦ ਕਿਸ ਗੁਰੂ ਸਾਹਿਬਾਨ ਦੀ ਰਚਨਾ ਹੈ?
2. 'ਪਵਣੁ ਗੁਰੂ ਪਾਣੀ ਪਿਤਾ' ਸ਼ਬਦ ਵਿੱਚ ਗੁਰੂ ਨਾਨਕ ਦੇਵ ਜੀ ਕਿਨ੍ਹਾਂ ਲੋਕਾਂ ਦੀ ਪ੍ਰਸੰਸਾ ਕਰਦੇ ਹਨ?
3. ਸ੍ਰੀ ਗੁਰੂ ਨਾਨਕ ਦੇਵ ਜੀ ਨੇ ਇਸਤਰੀ ਦੀ ਮਹਾਨਤਾ ਕਿਸ ਸ਼ਬਦ ਵਿੱਚ ਦੱਸੀ ਹੈ?
4. ਸ੍ਰੀ ਗੁਰੂ ਅਮਰਦਾਸ ਜੀ ਕਿਸ ਕਾਵਿ-ਧਾਰਾ ਦੇ ਕਵੀ ਹਨ?
5. 'ਤੂੰ ਮੇਰਾ ਪਿਤਾ ਤੂੰ ਹੈ ਮੇਰਾ ਮਾਤਾ' ਸ਼ਬਦ ਕਿਸ ਗੁਰੂ ਸਾਹਿਬਾਨ ਦੀ ਰਚਨਾ ਹੈ?
6. 'ਮੇਰਾ ਮਨ ਲੋਚੈ ਗੁਰਦਰਸਨ ਤਾਈ' ਬਾਣੀ ਕਿਸ ਗੁਰੂ ਸਾਹਿਬ ਦੁਆਰਾ ਰਚੀ ਹੋਈ ਹੈ?
7. 'ਸਤਿਗੁਰ ਨਾਨਕ ਪ੍ਰਗਟਿਆ' ਕਿਸ ਕਵੀ ਦੀ ਰਚਨਾ ਹੈ?
8. 'ਸਤਿਗੁਰ ਨਾਨਕ ਪ੍ਰਗਟਿਆ' ਰਚਨਾ ਵਿੱਚ ਕਿਸ ਗੁਰੂ ਜੀ ਦੇ ਜਨਮ ਦਾ ਜ਼ਿਕਰ ਕੀਤਾ ਹੈ?
9. ਸ਼ੇਖ਼ ਫ਼ਰੀਦ ਜੀ ਕਿਸ ਕਾਵਿ-ਧਾਰਾ ਦੇ ਕਵੀ ਹੈ?
10. ਸ਼ਾਹ ਹੁਸੈਨ ਕਿਹੜੇ ਇਸ਼ਕ ਦੀ ਗੱਲ ਕਰਦਾ ਹੈ?
11. ਸ਼ਾਹ ਹੁਸੈਨ ਨੇ ਤਾਣਾ ਤੇ ਬਾਣਾ ਕਿਸ ਨੂੰ ਕਿਹਾ ਹੈ?
12. 'ਆਪਿ ਨੂੰ ਪਛਾਣੁ' ਕਾਫ਼ੀ ਵਿੱਚ ਬੰਦੇ ਨੂੰ ਕਿਸ ਦੀ ਪਛਾਣ ਕਰਨ ਲਈ ਕਿਹਾ ਗਿਆ ਹੈ?
13. ਸ਼ਹੁ ਨੂੰ ਕੌਣ ਪਾਉਂਦਾ ਹੈ?
14. ਮਿਰਜ਼ੇ ਨੂੰ ਕਿਸ ਦਾ ਹੰਕਾਰ ਸੀ?
15. ਮਿਰਜ਼ੇ ਦੇ ਤਰਕਸ਼ ਵਿੱਚ ਕਿੰਨੇ ਤੀਰ ਸਨ?
16. ਰਾਂਝੇ ਦੇ ਭਰਾਵਾਂ ਨੇ ਰਾਂਝੇ ਨੂੰ ਕਿਹੋ-ਜਿਹੀ ਜ਼ਮੀਨ ਦਿੱਤੀ?
17. ਵਾਰਿਸ ਸ਼ਾਹ ਦੀ ਸ਼ਾਹਕਾਰ ਰਚਨਾ ਕਿਹੜੀ ਹੈ?
18. ਪੂਰਨ ਭਗਤ ਦੀ ਮਾਂ ਕੌਣ ਸੀ?
19. 'ਚੰਡੀ ਦੀ ਵਾਰ' ਕਿਸ ਗੁਰੂ ਸਾਹਿਬਾਨ ਦੀ ਰਚਨਾ ਹੈ?
20. 'ਚੰਡੀ ਦੀ ਵਾਰ' ਵਿੱਚ ਲੜਾਈ ਕਿਸ ਦੇ ਖ਼ਿਲਾਫ਼ ਹੈ?
21. ਜੰਗਨਾਮੇ ਵਿੱਚ ਕਵੀ ਸਿੰਘਾਂ ਦੇ ਕਿਸ ਗੁਣ ਨੂੰ ਪੇਸ਼ ਕਰਦਾ ਹੈ?
22. ਜੰਗਨਾਮੇ ਵਿੱਚ 'ਸਰਕਾਰ' ਸ਼ਬਦ ਕਿਸ ਲਈ ਵਰਤਿਆ ਹੈ?

23. 'ਫ਼ਰੰਗੀ' ਸ਼ਬਦ ਕਿਸ ਲਈ ਵਰਤਿਆ ਹੈ?

24. ਹੇਠਾਂ ਦਿੱਤੀਆਂ ਰਚਨਾਵਾਂ ਦਾ ਰਚਨਾਕਾਰ ਨਾਲ਼ ਸਹੀ ਮਿਲ਼ਾਨ ਕਰੋ:

| | |
|---|---|
| ਏ ਸਰੀਰਾ ਮੇਰਿਆ | ਗੁਰੂ ਨਾਨਕ ਦੇਵ ਜੀ |
| ਸੋ ਕਿਉ ਮੰਦਾ ਆਖੀਐ | ਬੁੱਲ੍ਹੇ ਸ਼ਾਹ |
| ਚੰਡੀ ਦੀ ਵਾਰ | ਸ਼ਾਹ ਹੁਸੈਨ |
| ਆਪਿ ਨੂੰ ਪਛਾਣੁ | ਗੁਰੂ ਅਮਰਦਾਸ ਜੀ |
| ਤੇਰਾ ਨਾਮ ਧਿਆਈਦਾ ਸਾਈ | ਗੁਰੂ ਗੋਬਿੰਦ ਸਿੰਘ ਜੀ |

25. 'ਰਬਾਬੀ' ਕੌਣ ਸੀ?

26. ਮਰਦਾਨੇ ਨੇ ਬੇਬੇ ਨਾਨਕੀ ਤੋਂ ਕਿੰਨੇ ਰੁਪਏ ਲਏ ਸਨ?

27. ਲੇਖਕ ਮਨੁੱਖ ਦੀ ਆਤਮਾ ਦਾ ਚਿੱਤਰ ਕਿਸ ਨੂੰ ਕਹਿੰਦਾ ਹੈ?

28. ਸਾਡੀ ਬਚਪਨ ਦੀ ਬੋਲੀ ਕਿਹੜੀ ਹੁੰਦੀ ਹੈ?

29. 'ਬੋਲੀ' ਲੇਖ ਅਨੁਸਾਰ ਆਮ ਤੌਰ 'ਤੇ ਕੌਣ ਸਿਆਣੇ ਤੇ ਦਿਲਚਸਪ ਹੁੰਦੇ ਹਨ?

30. ਮਨੁੱਖ ਦਾ ਆਚਰਨ ਕਿੱਥੇ ਬਣਦਾ ਹੈ?

31. ਸਮਾਜ ਅਤੇ ਦੇਸ ਦਾ ਪਿਆਰ ਕਿੱਥੋਂ ਪੈਦਾ ਹੁੰਦਾ ਹੈ?

32. ਕਿਹੜੇ ਧਰਮ ਵਿੱਚ ਅਰਦਾਸ ਦੀ ਖ਼ਾਸ ਅਹਿਮੀਅਤ ਹੈ?

33. ਸਿੱਖਾਂ ਦੀ ਅਰਦਾਸ ਕਿਸ ਚੀਜ਼ ਦੀ ਮੰਗ ਕਰਦੀ ਹੈ?

34. ਅਰਦਾਸ ਕਦੋਂ ਕੀਤੀ ਜਾਂਦੀ ਹੈ?

35. 'ਬਾਬਾ' ਸ਼ਬਦ ਕਿਸ ਦਾ ਸੂਚਕ ਹੈ?

36. ਬਾਬਾ ਰਾਮ ਸਿੰਘ ਕੂਕਾ ਨੇ ਕਿਹੜੀ ਜੱਥੇਬੰਦੀ ਬਣਾਈ?

37. 'ਬਾਬਾ' ਸ਼ਬਦ ਕਿਹੜੀ ਭਾਸ਼ਾ ਦਾ ਸ਼ਬਦ ਹੈ?

38. ਕਾਲੀਦਾਸ ਨੂੰ 'ਹਿੰਦੁਸਤਾਨ ਦਾ ਸ਼ੈਕਸਪੀਅਰ' ਕਿਸ ਨੇ ਕਿਹਾ ਹੈ?

39. ਤੁਰਦੇ ਰਹਿਣ ਵਾਲ਼ੇ ਵਿਅਕਤੀ ਦਾ ਪ੍ਰਤੀਕ ਕੌਣ ਹੈ?

40. ਹੇਠਾਂ ਦਿੱਤੇ ਵਾਰਤਕ ਲੇਖਾਂ ਦਾ ਲੇਖਕਾਂ ਨਾਲ਼ ਸਹੀ ਮਿਲ਼ਾਨ ਕਰੋ:

| | |
|---|---|
| ਰਬਾਬ ਮੰਗਾਉਣ ਦਾ ਵਿਰਤਾਂਤ | ਪੋ. ਪਿਆਰਾ ਸਿੰਘ ਪਦਮ |
| ਘਰ ਦਾ ਪਿਆਰ | ਸ. ਗੁਰਬਖ਼ਸ਼ ਸਿੰਘ |
| ਬੋਲੀ | ਡਾ. ਨਰਿੰਦਰ ਸਿੰਘ ਕਪੂਰ |
| ਪ੍ਰਾਰਥਨਾ | ਗਿਆਨੀ ਦਿੱਤ ਸਿੰਘ |
| ਬਾਬਾ ਰਾਮ ਸਿੰਘ ਕੂਕਾ | ਗਿਆਨੀ ਗੁਰਦਿੱਤ ਸਿੰਘ |
| ਮਹਾਂਕਵੀ ਕਾਲੀਦਾਸ | ਪ੍ਰਿੰ. ਤੇਜਾ ਸਿੰਘ |
| ਮੇਰੇ ਵੱਡੇ-ਵਡੇਰੇ | ਸ. ਕਪੂਰ ਸਿੰਘ |
| ਤੁਰਨ ਦਾ ਹੁਨਰ | ਡਾ. ਬਲਬੀਰ ਸਿੰਘ |

41. ਕੁਲਫ਼ੀ ਲਈ ਕਾਕਾ ਆਪਣੇ ਪਿਤਾ ਕੋਲ਼ੋਂ ਕਿੰਨੇ ਪੈਸੇ ਮੰਗ ਰਿਹਾ ਸੀ?
42. ਕਿਸ ਦੀ ਤੰਗੀ ਹਵਾਲਾਤ ਦੀ ਤੰਗੀ ਤੋਂ ਵੀ ਭੈੜੀ ਹੁੰਦੀ ਹੈ?
43. ਬਲਵੰਤ ਰਾਏ ਕਿਹੜੇ ਦੇਸ ਵਿੱਚ ਰਹਿੰਦਾ ਸੀ?
44. ਬਲਵੰਤ ਰਾਏ ਕਿੰਨੇ ਸਾਲਾਂ ਤੋਂ ਇੰਗਲੈਂਡ ਰਹਿ ਰਿਹਾ ਸੀ?
45. ਕਰਤਾਰ ਸਿੰਘ ਦੀ ਮੌਤ ਦਾ ਮੁੱਖ ਕਾਰਨ ਕੀ ਸੀ?
46. ਮਾਤਾਦੀਨ ਕਿਸ ਦੀ ਚੋਰੀ ਕਰਦਾ ਸੀ?
47. ਬੰਮ ਨੂੰ ਕਿਸ ਨਾਲ਼ ਈਰਖਾ ਸੀ?
48. 'ਬਾਗ਼ੀ ਦੀ ਧੀ' ਸ਼ਬਦ ਕਿਸ ਲਈ ਵਰਤਿਆ ਗਿਆ ਹੈ?
49. ਵੀਰਾਂ ਵਾਲ਼ੀ ਦੀ ਮੌਤ ਦਾ ਮੁੱਖ ਕਾਰਨ ਕੀ ਸੀ?
50. 'ਬਾਗ਼ੀ ਦੀ ਧੀ' ਕਹਾਣੀ ਦਾ ਸਮਾਂ ਕਿਹੜਾ ਹੈ?
51. ਹੁਸ਼ਨਾਕ ਸਿੰਘ ਲਾਜ ਦਾ ਕੀ ਲੱਗਦਾ ਸੀ?
52. ਕਰਮ ਸਿੰਘ ਦੀ ਮੌਤ ਬਾਰੇ ਮਾਨ ਸਿੰਘ ਨੂੰ ਕਿਸ ਤੋਂ ਪਤਾ ਲੱਗਾ?
53. 'ਧਰਤੀ ਹੇਠਲਾ ਬਲ਼ਦ' ਕਹਾਣੀ ਵਿੱਚ ਕਿਹੜੇ ਦੇਸ ਨਾਲ਼ ਲੜਾਈ ਦਾ ਜ਼ਿਕਰ ਹੈ?
54. ਰਸ਼ੀਦ ਦਾ ਪੁੱਤਰ ਕਿਸ ਦੇਸ ਵਿੱਚ ਰਹਿੰਦਾ ਸੀ?
55. ਰਸ਼ੀਦ ਨੂੰ ਕਿਹੜੀ ਬਿਮਾਰੀ ਸੀ?

56. ਹੇਠਾਂ ਦਿੱਤੀਆਂ ਕਹਾਣੀਆਂ ਦਾ ਕਹਾਣੀਕਾਰਾਂ ਨਾਲ਼ ਸਹੀ ਮਿਲ਼ਾਨ ਕਰੋ:

| | |
|---|---|
| ਕੁਲਫ਼ੀ | ਅਜੀਤ ਕੌਰ |
| ਮੜ੍ਹੀਆਂ ਤੋਂ ਦੂਰ | ਕੁਲਵੰਤ ਸਿੰਘ ਵਿਰਕ |
| ਅੰਗ-ਸੰਗ | ਸੁਜਾਨ ਸਿੰਘ |
| ਬੰਮ ਬਹਾਦਰ | ਗੁਰਮੁਖ ਸਿੰਘ ਮੁਸਾਫ਼ਿਰ |
| ਬਾਗ਼ੀ ਦੀ ਧੀ | ਗੁਰਬਖ਼ਸ਼ ਸਿੰਘ |
| ਧਰਤੀ ਹੇਠਲਾ ਬਲ਼ਦ | ਰਘੁਬੀਰ ਢੰਡ |
| ਇੱਕ ਪੈਰ ਘੱਟ ਤੁਰਨਾ | ਵਰਿਆਮ ਸੰਧੂ |

57. ਵਜ਼ੀਰਾ ਕਿਹੜੇ ਬੰਬ ਬਣਾਉਂਦਾ ਸੀ?

58. 'ਨਾਇਕ' ਇਕਾਂਗੀ ਦਾ ਪਾਤਰ ਪਿਤਾ ਕਿੰਨਾ ਪੜ੍ਹਿਆ ਹੋਇਆ ਹੈ?

59. ਕੀ ਪੜ੍ਹ ਕੇ ਔਰੰਗਜ਼ੇਬ ਪਛਤਾਵੇ ਨਾਲ਼ ਭਰ ਗਿਆ?

60. ਸ਼ਰਨਜੀਤ ਦੇ ਲੜਕੇ ਦਾ ਨਾਂ ਕੀ ਸੀ?

61. ਹੇਠਾਂ ਦਿੱਤੇ ਇਕਾਂਗੀਆਂ ਦਾ ਇਕਾਂਗੀਕਾਰਾਂ ਨਾਲ਼ ਸਹੀ ਮਿਲ਼ਾਨ ਕਰੋ:

| | |
|---|---|
| ਬੰਬ-ਕੇਸ | ਡਾ. ਹਰਚਰਨ ਸਿੰਘ |
| ਨਾਇਕ | ਸੰਤ ਸਿੰਘ ਸੇਖੋਂ |
| ਸਮੁੰਦਰੋਂ ਪਾਰ | ਗੁਰਸ਼ਰਨ ਸਿੰਘ |
| ਜ਼ਫ਼ਰਨਾਮਾ | ਬਲਵੰਤ ਗਾਰਗੀ |
| ਦੂਜਾ ਵਿਆਹ | ਕਪੂਰ ਸਿੰਘ ਘੁੰਮਣ |

62. ਨਾਵਲ 'ਇੱਕ ਹੋਰ ਨਵਾਂ ਸਾਲ' ਦਾ ਲੇਖਕ ਕੌਣ ਹੈ?

63. ਬਚਪਨ ਵਿੱਚ ਬੰਤਾ ਕਿਸ ਕੋਲ਼ੋਂ ਬਾਤਾਂ ਸੁਣਨ ਦਾ ਅਨੰਦ ਲੈਂਦਾ ਸੀ?

64. ਨਾਵਲ 'ਇੱਕ ਹੋਰ ਨਵਾਂ ਸਾਲ' ਦੀਆਂ ਘਟਨਾਵਾਂ ਕਿਸ ਸ਼ਹਿਰ ਨਾਲ਼ ਸੰਬੰਧਿਤ ਹਨ?

65. 'ਇੱਕ ਹੋਰ ਨਵਾਂ ਸਾਲ' ਨਾਵਲ ਦੀਆਂ ਘਟਨਾਵਾਂ ਕਿਸ ਦਿਨ ਵਾਪਰਦੀਆਂ ਹਨ?

66. ਬੰਤਾ ਕਿੰਨਾ ਪੜ੍ਹਿਆ ਹੋਇਆ ਸੀ?

67. ਫੱਤੂ ਰਿਕਸ਼ੇਵਾਲ਼ਾ ਕੀ ਵੇਚਣ ਦਾ ਕੰਮ ਕਰਦਾ ਸੀ?

68. ਤਾਰੋ ਫੁੰਮਣ ਨੂੰ ਕੀ ਬੁਲਾਉਂਦੀ ਹੈ?

69. ਬੰਤਾ ਤਾਰੋ ਨੂੰ ਕੀ ਕਹਿ ਕੇ ਬੁਲਾਉਂਦਾ ਹੈ?

70. ਬੰਤੇ ਅਨੁਸਾਰ ਸ਼ਹੀਦਾਂ ਦਾ ਖ਼ੂਨ ਕਿੱਥੇ ਡੁੱਲ੍ਹਿਆ ਸੀ?

71. ਨਵੇਂ ਸਾਲ ਦੀ ਕਮਾਈ ਵਿੱਚੋਂ ਤਾਰੋ ਬੰਤੇ ਨੂੰ ਕੀ ਲਿਆਉਣ ਲਈ ਕਹਿੰਦੀ ਹੈ?

72. ਜਲ੍ਹਿਆਂ ਵਾਲ਼ਾ ਬਾਗ਼ ਸਾਨੂੰ ਕਿਸ ਦੀ ਯਾਦ ਦਿਵਾਉਂਦਾ ਹੈ?

## ਵਾਰਤਕ ਭਾਗ ਦੇ ਅਭਿਆਸੀ ਪ੍ਰਸ਼ਨ:

1. ਆਮ ਲੋਕ ਗੁਰੂ ਨਾਨਕ ਦੇਵ ਜੀ ਬਾਰੇ ਕੀ ਕੁਝ ਕਹਿੰਦੇ ਸਨ?
2. ਮਰਦਾਨਾ ਜਦੋਂ ਪਹਿਲੀ ਵਾਰ ਰਬਾਬ ਲੈਣ ਨਗਰ ਵਿੱਚ ਗਿਆ ਤਾਂ ਲੋਕਾਂ ਨੇ ਉਸ ਨਾਲ਼ ਕੀ ਵਿਹਾਰ ਕੀਤਾ?
3. 'ਘਰ ਦਾ ਪਿਆਰ' ਲੇਖ ਅਨੁਸਾਰ ਘਰ ਤੋਂ ਕੀ ਭਾਵ ਹੈ?
4. ਘਰ ਮਨੁੱਖ ਦੇ ਨਿੱਜੀ ਵਲਵਲਿਆਂ ਤੇ ਸ਼ਖ਼ਸੀ ਰਹਿਣੀ ਦਾ ਕੇਂਦਰ ਕਿਵੇਂ ਹੁੰਦਾ ਹੈ?
5. 'ਬੋਲੀ ਮਨੁੱਖ ਦੀ ਆਤਮਾ ਦਾ ਚਿੱਤਰ ਹੈ।' ਇਸ ਕਥਨ ਤੋਂ ਲੇਖਕ ਦਾ ਕੀ ਭਾਵ ਹੈ?
6. "ਬੋਲੀ ਜ਼ਿੰਦਗੀ ਦੀ ਅਮੀਰੀ ਵਿੱਚੋਂ ਆਪਣੇ ਲਫ਼ਜ਼ ਚੁਣਦੀ ਹੈ।" ਕਥਨ ਦੀ ਪੁਸ਼ਟੀ ਕਰੋ।
7. ਸਿੱਖ ਧਰਮ ਵਿੱਚ ਅਰਦਾਸ ਦੀ ਕੀ ਮਹੱਤਤਾ ਹੈ?
8. ਪ੍ਰਾਰਥਨਾ ਕਰਨ ਨਾਲ਼ ਕੈਦੀ ਦੇ ਵਿਹਾਰ ਵਿੱਚ ਕਿਹੋ-ਜਿਹੀ ਤਬਦੀਲੀ ਆਈ?
9. ਬਾਬਾ ਰਾਮ ਸਿੰਘ ਜੀ ਨੂੰ 'ਬਾਬਾ' ਕਿਉਂ ਕਿਹਾ ਜਾਂਦਾ ਹੈ?
10. ਕਿਹੜੀ ਜਥੇਬੰਦੀ ਨਾਮਧਾਰੀ ਜਥੇਬੰਦੀ ਜਾਂ ਕੂਕਿਆਂ ਦੀ ਜਮਾਤ ਅਖਵਾਈ ਅਤੇ ਇਸ ਦਾ ਪਸਾਰ ਕਿਵੇਂ ਹੋਇਆ?
11. ਕਾਲੀਦਾਸ ਨੂੰ ਹਰ ਪ੍ਰਾਂਤ ਤੇ ਜਾਤੀ ਦੇ ਲੋਕ ਆਪਣਾ ਕਿਉਂ ਦੱਸਦੇ ਹਨ?
12. ਪੂਰਬ ਤੇ ਪੱਛਮ ਵਾਲ਼ੇ ਕਾਲੀਦਾਸ ਦੀ ਪ੍ਰਤੀਭਾ ਦਾ ਮਾਪ ਕਿਵੇਂ ਕਰਦੇ ਹਨ?
13. ਛਾਪੇ ਪਿੰਡ ਵਾਲ਼ਿਆਂ ਨੇ ਲੇਖਕ ਦੇ ਵਡੇਰਿਆਂ ਤੋਂ ਨਾਤਾ ਕਿਉਂ ਤੋੜ ਲਿਆ?
14. ਲ਼ੋਕ ਭਲਵਾਨਾਂ ਦਾ ਸਤਿਕਾਰ ਕਿਵੇਂ ਕਰਦੇ ਸਨ?
15. ਪੈਦਲ ਤੁਰਨਾ ਮਨੁੱਖੀ ਸਰੀਰ ਲਈ ਕਿਵੇਂ ਲਾਭਦਾਇਕ ਹੈ?

16. 'ਅਮੀਰ ਘਰਾਂ ਵਿੱਚ ਜੇ ਕਿਸੇ ਦੀ ਸਿਹਤ ਠੀਕ ਹੁੰਦੀ ਹੈ ਤਾਂ ਨੌਕਰਾਂ ਦੀ ਹੀ ਹੁੰਦੀ ਹੈ।' ਇਸ ਕਥਨ ਦੀ ਵਿਆਖਿਆ ਕਰੋ।

**ਕਹਾਣੀ ਭਾਗ ਦੇ ਅਭਿਆਸੀ ਪ੍ਰਸ਼ਨ:**

1. ਕੁਲਫ਼ੀ ਵਾਲ਼ੇ ਦਾ ਹੋਕਾ ਸੁਣ ਕੇ ਲੇਖਕ ਕੀ ਸੋਚਣ ਲੱਗਾ?
2. ਲੇਖਕ, ਮਾਲਕ ਤੋਂ ਤਨਖ਼ਾਹ ਵਧਾਉਣ ਦੀ ਮੰਗ ਤੋਂ ਸੰਕੋਚ ਕਿਉਂ ਕਰ ਰਿਹਾ ਸੀ?
3. ਲੇਖਕ ਦੀ ਮਾਸੀ ਦਾ ਸੁਭਾਅ ਕਿਹੋ-ਜਿਹਾ ਸੀ?
4. ਮਾਸੀ ਇੰਗਲੈਂਡ ਤੋਂ ਇੰਡੀਆ ਨੂੰ ਮੁੜ ਕਿਉਂ ਪਰਤ ਆਉਣਾ ਚਾਹੁੰਦੀ ਹੈ?
5. ਕਰਤਾਰ ਸਿੰਘ ਦੇ ਛੋਟੀ ਉਮਰੇ ਹੀ ਦੁਨੀਆ ਤੋਂ ਤੁਰ ਜਾਣ ਦੇ ਕੀ ਕਾਰਨ ਸਨ?
6. ਬਚਪਨ ਵਿੱਚ ਅਮਰੀਕ ਕਿਹੋ-ਜਿਹੇ ਬਾਪ ਦੀ ਕਲਪਨਾ ਕਰਦਾ ਹੈ ਅਤੇ ਕਿਉਂ?
7. ਬੰਮ ਨੂੰ ਮਾਤਾ ਦੀਨ ਨਾਲ਼ ਕਿਸ ਗੱਲੋਂ ਈਰਖਾ ਸੀ?
8. ਬੰਮ ਬਹਾਦਰ ਨੇ ਪੈਰਾਂ ਦੇ ਸੰਗਲ਼ ਤੋੜ ਕੇ ਕੀ ਤਬਾਹੀ ਕੀਤੀ?
9. ਪਿਤਾ ਦੇ ਜੇਲ੍ਹ ਜਾਣ 'ਤੇ ਲਾਜ ਨੇ ਆਪਣੀ ਭੂਆ ਵੀਰਾਂ ਵਾਲੀ ਨੂੰ ਕੀ ਕਿਹਾ?
10. ਆਪਣੇ ਪਿਤਾ ਕਿਸ਼ਨ ਸਿੰਘ ਨੂੰ ਜੇਲ੍ਹ ਜਾਣ ਤੋਂ ਪਹਿਲਾਂ ਬਿਮਾਰ ਪਈ ਲਾਜ ਨੇ ਕੀ ਸ਼ਬਦ ਕਹੇ?
11. ਕਰਮ ਸਿੰਘ ਦਾ ਸੁਭਾਅ ਕਿਹੋ-ਜਿਹਾ ਸੀ?
12. ਮਾਨ ਸਿੰਘ ਨੇ ਕਰਮ ਸਿੰਘ ਦੇ ਬਾਪੂ ਨੂੰ 'ਧਰਤੀ ਹੇਠਲਾ ਬਲ਼ਦ' ਕਿਉਂ ਕਿਹਾ?
13. ਰਸ਼ੀਦ ਨੇ ਦਫ਼ਤਰ ਦੀ ਨੌਕਰੀ ਤੋਂ ਅਸਤੀਫ਼ਾ ਦੇਣ ਲਈ ਕਿਉਂ ਸੋਚਿਆ?
14. ਰਸ਼ੀਦ ਆਪਣੀ ਬਿਮਾਰੀ ਤੋਂ ਰਾਹਤ ਲੈਣ ਲਈ ਕੀ ਸ਼ੌਕ ਪਾਲ਼ਦਾ ਹੈ?

## ਅਭਿਆਸ ਲਈ ਇਕਾਂਗੀ ਵਾਰਤਾਲਾਪਾਂ:

**1.** "ਜੀ, ਤੋੜੇ ਵਾਲੀ ਬੰਦੂਕ ਤਾਂ ਘਰ-ਘਰ ਐ । ਸਫ਼ਾ ਜੰਗ, ਗੁਪਤੀ, ਭਾਲਾ, ਨੇਜ਼ਾ, ਛਵੀ, ਕਿਹੜਾ ਹਥਿਆਰ ਐ ਜਿਹੜਾ ਨਹੀਂ ਘੜ ਲੈਂਦੇ। ਤੁਸੀਂ ਵਜ਼ੀਰੇ ਦਾ ਨਾਂ ਤਾਂ ਸੁਣਿਆ ਈ ਐ। ਇੱਥੇ ਮਿੱਤੂ ਲੁਹਾਰ ਦੇ ਮੁਹੱਲੇ ਵਿੱਚ ਕਿਤੇ ਰਹਿੰਦਾ ਐ। ਉਹ ਬੰਬ ਵੀ ਬਣਾਉਂਦੇ।"

**ਪ੍ਰਸ਼ਨ:**

1. ਇਹ ਵਾਰਤਾਲਾਪ ਕਿਸ ਇਕਾਂਗੀ ਵਿੱਚੋਂ ਲਈ ਗਈ ਹੈ?
2. ਵਜ਼ੀਰਾ ਕਿਹੜੇ ਮੁਹੱਲੇ ਵਿੱਚ ਰਹਿੰਦਾ ਹੈ?
3. ਇਹ ਸ਼ਬਦ ਕੌਣ, ਕਿਸ ਨੂੰ ਕਹਿੰਦਾ ਹੈ?

**2.** ਲਿਆ ਓਏ, ਨੱਥਾ ਸਿਹਾਂ। ਹਥਕੜੀਆਂ। ਇਹ ਬੰਬ ਬਣਾਂਦਾ ਏ! (ਹੱਸ ਕੇ) ਇਸ ਦਾ ਖ਼ਿਆਲ ਏ ਕਿ ਅਸੀਂ ਇਸ ਦੀਆਂ ਗੱਲਾਂ ਨੂੰ ਮਖੌਲ ਵਿੱਚ ਟਾਲ਼ ਦੇਵਾਂਗੇ ਪਰ ਮੈਂ ਸਾਰੀਆਂ ਗੱਲਾਂ ਜਾਣਦਾ ਹਾਂ। ਲਿਆ ਹਥਕੜੀਆਂ।

**ਪ੍ਰਸ਼ਨ:**

1. ਹੱਥਕੜੀਆਂ ਦੀ ਮੰਗ ਕਿਸ ਨੂੰ ਲਗਾਉਣ ਲਈ ਕੀਤੀ ਜਾ ਰਹੀ ਹੈ?
2. ਨੱਥਾ ਸਿੰਘ ਕੌਣ ਹੈ?
3. ਇਹ ਸ਼ਬਦ ਕੌਣ, ਕਿਸ ਨੂੰ ਕਹਿੰਦਾ ਹੈ?

**3.** ਗੁੜ ਬਾਝੋਂ ਦਾਣੇ ਲੰਘਦੇ ਨਹੀਂ? ਫਿੱਟੀ ਨੀਤ ਵਾਲ਼ੀ। ਹਰ ਵੇਲ਼ੇ ਖਾਣ ਵਿੱਚ ਸੁਰਤ ਰਹਿੰਦੀ ਏ। ਪਿਛਲੇ ਜਨਮ ਦੀ ਬਿੱਲੀ ਏ! ਨੀ, ਇਹ ਗੁੜ ਦੀ ਡਲੀ ਤਾਂ ਮੈਂ ਵੀਰ ਲਈ ਰੱਖੀ ਸੀ। ਤੜਕੇ ਦਾ ਗਿਆ ਕੰਮ ਕਰਨ, ਲਿਆ, ਦੇਹ।

**ਪ੍ਰਸ਼ਨ:**

1. ਹਰ ਵੇਲ਼ੇ ਖਾਣ ਵਿੱਚ ਕਿਸ ਦੀ ਸੁਰਤ ਲੱਗੀ ਰਹਿੰਦੀ ਹੈ?
2. ਇਸ ਇਕਾਂਗੀ ਦੇ ਇਕਾਂਗੀਕਾਰ ਦਾ ਕੀ ਨਾਂ ਹੈ?
3. ਗੁੜ ਦੀ ਡਲੀ ਕਿਸ ਲਈ ਰੱਖੀ ਹੋਈ ਸੀ?

**4.** "ਆਹੋ ਹਜ਼ੂਰ, ਮੈਂ ਤੁਹਾਨੂੰ ਕਦ ਇਨਕਾਰੀ ਕੀਤੀ ਏ? ਜੇ ਤੁਹਾਡੇ ਟਾਂਗੇ ਦੇ ਬੰਬ ਟੁੱਟੇ ਹਨ ਤਾਂ ਬਣਾ ਦੇਵਾਂਗਾ। ਹਜ਼ੂਰ ਛੇਤੀ ਤਿਆਰ ਕਰ ਦੇਵਾਂਗਾ।"

**ਪ੍ਰਸ਼ਨ:**

1. ਇਹ ਵਾਰਤਾਲਾਪ ਕਿਸ ਇਕਾਂਗੀ ਵਿੱਚੋਂ ਲਈ ਲਈ ਹੈ?

2. ਇਸ ਇਕਾਂਗੀ ਦੇ ਇਕਾਂਗੀਕਾਰ ਦਾ ਕੀ ਨਾਂ ਹੈ?

3. ਇਹ ਸ਼ਬਦ ਕੌਣ, ਕਿਸ ਨੂੰ ਕਹਿੰਦਾ ਹੈ?

**5.** ਇੱਕ ਚੌਕ 'ਚ ਖੜ੍ਹਾ ਸਿਪਾਹੀ ਹਰ ਇੱਕ ਕਾਰ ਵਾਲ਼ੇ ਨੂੰ ਰੋਕ ਸਕਦਾ ਏ ਪਰ ਇਹਦਾ ਇਹ ਮਤਲਬ ਨਹੀਂ ਕਿ ਉਹਦਾ ਰੁਤਬਾ ਕਾਰ ਵਾਲ਼ਿਆਂ ਨਾਲ਼ੋਂ ਉੱਚਾ ਹੈ।

**ਪ੍ਰਸ਼ਨ:**

1. ਇਹ ਵਾਰਤਾਲਾਪ ਕਿਸ ਇਕਾਂਗੀ ਵਿੱਚੋਂ ਲਈ ਗਈ ਹੈ?

2. ਕੌਣ ਕਾਰ ਵਾਲ਼ੇ ਨੂੰ ਵੀ ਰੋਕ ਸਕਦਾ ਹੈ?

3. ਕਿਸ ਦਾ ਰੁਤਬਾ ਉੱਚਾ ਹੈ?

**6.** ਲੋੜ ਹੈ ਲੋੜ ਹੈ ਉਹਨਾਂ ਨਾਇਕਾਂ ਦੀ ਜੋ ਸਮੇਂ ਦੀਆਂ ਚੁਣੌਤੀਆਂ ਨੂੰ ਕਬੂਲ ਕਰਨ ਜੋ ਸੁਪਨਿਆਂ ਵਿੱਚ ਸਮਾਂ ਜ਼ਾਇਆ ਨਾ ਕਰਨ ਸਗੋਂ ਅਸਲੀਅਤ ਨੂੰ ਖੁੱਲ੍ਹੀਆਂ ਅੱਖਾਂ ਨਾਲ ਦੇਖਣ।

**ਪ੍ਰਸ਼ਨ:**

1. ਵਾਰਤਾਲਾਪ ਅਨੁਸਾਰ ਇਕਾਂਗੀਕਾਰ ਕਿਹੋ-ਜਿਹੇ ਨਾਇਕਾਂ ਦੀ ਲੋੜ ਮਹਿਸੂਸ ਕਰਦਾ ਹੈ?

2. ਸੁਪਨਿਆਂ ਵਿੱਚ ਸਮਾਂ ਜ਼ਾਇਆ ਕਰਨ ਵਾਲ਼ੇ ਨਾਇਕ ਕਿਹੋ-ਜਿਹੇ ਹੁੰਦੇ ਹਨ?

3. ਇਹ ਸ਼ਬਦ ਕੌਣ, ਕਿਸ ਨੂੰ ਕਹਿੰਦਾ ਹੈ?

**7.** ਇਹ ਗੱਲ ਤੁਹਾਨੂੰ ਨੌਕਰੀ ਦੇ ਇਸ਼ਤਿਹਾਰ ਵਿੱਚ ਦਰਜ ਕਰਨੀ ਚਾਹੀਦੀ ਸੀ ਕਿ ਤੁਹਾਨੂੰ ਐਸੇ ਉਮੀਦਵਾਰ ਦੀ ਲੋੜ ਹੈ ਜਿਸ ਦੇ ਨੰਬਰ ਭਾਵੇਂ ਥੋੜ੍ਹੇ ਹੋਣ ਪਰ ਉਹਦੀ ਸਿਫ਼ਾਰਸ਼ ਬਹੁਤੀ ਹੋਵੇ, ਉਹਦੀ ਲਿਆਕਤ ਘੱਟ ਹੋਵੇ ਪਰ 'ਪੁੱਲ' ਬਹੁਤੀ ਹੋਵੇ।

**ਪ੍ਰਸ਼ਨ:**

1. ਇਹ ਵਾਰਤਾਲਾਪ ਕਿਸ ਇਕਾਂਗੀ ਵਿੱਚੋਂ ਲਈ ਗਈ ਹੈ?

2. ਨੌਕਰੀ ਦੇ ਇਸ਼ਤਿਹਾਰ ਵਿੱਚ ਕਿਹੜੀ ਗੱਲ ਦਰਜ ਨਹੀਂ ਸੀ?

3. ਇਹ ਸ਼ਬਦ ਕੌਣ, ਕਿਸ ਨੂੰ ਕਹਿੰਦਾ ਹੈ?

**8.** "ਨਹੀਂ, ਇਹ ਗੱਲ ਨਹੀਂ, ਮੈਂ ਆਪਣੇ ਪੈਰਾਂ 'ਤੇ ਖਲੋਣਾ ਚਾਹੁੰਦਾ ਹਾਂ ਪਰ ਤੁਸੀਂ ਮੇਰੀ ਇਹ ਗੱਲ ਨਹੀਂ ਸਮਝੋਗੇ।"

**ਪ੍ਰਸ਼ਨ:**

1. ਇਹ ਵਾਰਤਾਲਾਪ ਕਿਸ ਇਕਾਂਗੀ ਵਿੱਚੋਂ ਲਈ ਗਈ ਹੈ?
2. ਕੌਣ ਆਪਣੇ ਪੈਰਾਂ 'ਤੇ ਖਲੋਣਾ ਚਾਹੁੰਦਾ ਹੈ?
3. ਗੱਲ ਸਮਝਣ ਤੋਂ ਕੌਣ ਅਸਮਰਥ ਹੈ?

**9.** "ਮੈਂ ਤੇਰੇ ਜਜ਼ਬਿਆਂ ਦੀ ਕਦਰ ਕਰਨਾ ਹਾਂ, ਨੌਜਵਾਨਾਂ ਵਿੱਚ ਇਹੋ-ਜਿਹਾ ਹੀ ਵਿਸ਼ਵਾਸ ਹੋਣਾ ਚਾਹੀਦਾ ਹੈ।"

**ਪ੍ਰਸ਼ਨ:**

1. ਨੌਜਵਾਨਾਂ ਵਿੱਚ ਕਿਹੋ-ਜਿਹਾ ਵਿਸ਼ਵਾਸ ਹੋਣਾ ਚਾਹੀਦਾ ਹੈ?
2. ਇਸ ਇਕਾਂਗੀ ਦੇ ਇਕਾਂਗੀਕਾਰ ਦਾ ਕੀ ਨਾਂ ਹੈ?
3. ਇਹ ਸ਼ਬਦ ਕੌਣ, ਕਿਸ ਨੂੰ ਕਹਿੰਦਾ ਹੈ?

**10.** "ਉਹਨੂੰ ਮੈਂ ਸੱਤ ਸਮੁੰਦਰੋਂ ਪਾਰ ਧਰਮ-ਕਰਮ ਦੀ ਚੱਕੀ ਵਿੱਚ ਇਸਤਰੀ ਦਾ ਦਲੀਆ ਕਰਨ ਵਾਲ਼ੇ ਸਮਾਜ ਦੀ ਸ਼ਰਨ ਵਿੱਚ ਛੱਡ ਕੇ ਸੁਰਖ਼ਰੂ ਹੋ ਗਿਆ ਹਾਂ। ਇੰਗਲੈਂਡ ਦੀਆਂ ਅਜ਼ਾਦ ਫ਼ਿਜ਼ਾਵਾਂ ਨੇ ਮੈਨੂੰ ਮਰਸੀ ਬਖ਼ਸ਼ੀ ਹੋਈ ਏ। ਹੁਣ ਸ਼ਰਨਜੀਤ ਦਾ ਪਰਛਾਂਵਾਂ ਮੇਰੇ 'ਤੇ ਸੁਪਨੇ ਵਿਚ ਵੀ ਨਹੀਂ ਪੈ ਸਕੇਗਾ।"

**ਪ੍ਰਸ਼ਨ:**

1. ਹਰਦੇਵ ਬਾਜਵਾ, ਸ਼ਰਨਜੀਤ ਨੂੰ ਕਿਹੋ-ਜਿਹੇ ਸਮਾਜ ਵਿੱਚ ਛੱਡ ਕੇ ਗਿਆ ਸੀ?
2. ਇਹਨਾਂ ਸਤਰਾਂ ਅਨੁਸਾਰ 'ਮਰਸੀ' ਕੌਣ ਸੀ?
3. ਹਰਦੇਵ ਬਾਜਵਾ ਸ਼ਰਨਜੀਤ ਬਾਰੇ ਕੀ ਸੋਚਦਾ ਹੈ?

**11.** "ਮੈਨੂੰ ਪਹਿਲਾਂ ਈ ਸ਼ੱਕ ਸੀ। ਉਹ ਮੇਰੇ ਨਾਲ਼ ਅੱਖਾਂ ਨਹੀਂ ਮੇਲ਼ ਸਕਣਗੇ। ਉਹਨਾਂ ਦੀ ਸ਼ਰਾਫ਼ਤ ਦਾ ਝੁੰਗਲਮਾਟਾ ਪਾਟ ਜੁ ਜਾਣਾ ਹੋਇਆ ਤੇ ਫੇਰ ਮੈਂ ਵੀ ਪਾਣੀ ਰਿੜਕ ਕੇ ਕੀ ਲੈਣੈ? ਨੀਟੂ ਬਾਰੇ ਤੁਸੀਂ ਪੁੱਛ ਲੈਣਾ, ਉਹ ਝੋਲੀ ਪਾਂਦੇ ਨੇ ਜਾਂ ਨਹੀਂ। ਜੀਅ ਤਾਂ ਮੇਰਾ ਨਹੀਂ ਕਰਦਾ, ਇਹਨੂੰ ਇਸ ਤਰ੍ਹਾਂ ਦੇ ਪਿਤਾ ਦਾ ਸਾਇਆ ਮਿਲੇ ਪਰ.. ਪਰ.... ਪਰ ਮਜਬੂਰੀ ਏ, ਇਹ ਉਹਨਾਂ ਦੀ ਅਮਾਨਤ ਏ, ਅੱਜ ਵੀ ਏ ਤੇ ਕੱਲ੍ਹ ਵੀ।"

**ਪ੍ਰਸ਼ਨ:**

1. ਇਹ ਸ਼ਬਦ ਕਿਸ ਨੇ, ਕਿਸ ਨੂੰ ਅਤੇ ਕਦੋਂ ਕਹੇ?
2. ਸ਼ਰਨਜੀਤ ਨੂੰ ਬਾਜਵੇ 'ਤੇ ਕੀ ਸ਼ੱਕ ਸੀ?

3. ਸ਼ਰਨਜੀਤ ਨੀਟੂ ਬਾਰੇ ਕੀ ਸੋਚਦੀ ਹੈ?

**12.**"ਓ ਗਾਡ। ਹਮਾਰਾ ਸਾਥ ਕੈਸਾ ਸ਼ੇਮਫੁਲ ਢੋਕਾ ਹੂਆ। ਆਪ ਪੰਜਾਬੀ ਲੋਕ ਕਾ ਬਰਾਡਰੀ ਯਿਹ ਹੋਟਾ। ਆਪ ਔਰਟ ਕੋ ਘਰ ਮੇਂ ਭੀ ਐਸਾ ਡੀਸੀਵ ਕਰਟਾ ਔਰ ਦੂਸਰਾ ਮੁਲਕ ਮੈਂ ਜਾ ਕਰ ਭੀ ਡੀਸੀਵ ਕਰਟਾ? ਸ਼ਰਮ ਕਾ ਬਾਟ, ਸ਼ੇਮ! ਸ਼ੇਮ!"

**ਪ੍ਰਸ਼ਨ:**

1. ਇਹ ਸ਼ਬਦ ਕਿਸ ਨੇ, ਕਿਸ ਨੂੰ ਕਹੇ?
2. ਮਰਸੀ ਆਪਣੇ ਨਾਲ ਹੋਏ ਕਿਸ ਧੋਖੇ ਦੀ ਗੱਲ ਕਰਦੀ ਹੈ?
3. ਮਰਸੀ 'ਸ਼ਰਮ ਕਾ ਬਾਟ, ਸ਼ੇਮ! ਸ਼ੇਮ! ਕਿਉਂ ਕਹਿੰਦੀ ਹੈ?

**13.**"ਮੈਂ ਵੀ ਪੰਜਾਬ ਤੋਂ ਚੱਲਣ ਲੱਗਿਆਂ ਕਸਮ ਖਾਧੀ ਸੀ, ਆਪਣੀ ਭਰਜਾਈ ਦਾ ਸੁਹਾਗ ਉਹਨੂੰ ਲੈ ਕੇ ਦਿਆਂਗਾ। ਸਮੁੰਦਰੋਂ ਪਾਰ ਦੇ ਰਿਵਾਜ ਨਾਲ਼ ਮਰਸੀ ਦਾ ਸੁਹਾਗ ਹੋਰ ਬਣ ਸਕਦੈ, ਸ਼ਰਨਜੀਤ ਦਾ ਨਹੀਂ ਤੇ ਹੁਣ ਸ਼ਰਨਜੀਤ ਮੇਰੀ ਭਰਜਾਈ, ਛੁੱਟੜ ਵਾਪਸ ਨਹੀਂ ਜਾਵੇਗੀ। ਜੇ ਉਹ ਗਈ ਤਾਂ ਮੇਰੀ ਲਾਸ਼ ਤੋਂ ਲੰਘ ਕੇ ਜਾਵੇਗੀ।"

**ਪ੍ਰਸ਼ਨ:**

1. ਸੁਖਦੇਵ ਬਾਜਵਾ ਨੇ ਕਿਹੜੀ ਕਸਮ ਖਾਧੀ ਸੀ?
2. ਇਸ ਵਾਰਤਾਲਾਪ ਵਿੱਚ ਸੁਖਦੇਵ ਬਾਜਵਾ, ਮਰਸੀ ਬਾਰੇ ਕੀ ਕਹਿੰਦਾ ਹੈ?
3. ਸੁਖਦੇਵ ਬਾਜਵਾ ਦਾ ਸ਼ਰਨਜੀਤ ਨਾਲ ਕੀ ਰਿਸ਼ਤਾ ਸੀ?

**14.**"ਮੇਰਾ ਵੀ ਇਹੋ ਖ਼ਿਆਲ ਹੈ। ਖ਼ਾਸ ਕਾਸਦ ਨੂੰ ਭੇਜ ਕੇ ਗੁਰੂ ਨੂੰ ਸੁਲ੍ਹਾ-ਸਫ਼ਾਈ ਲਈ ਇੱਥੇ ਬੁਲਾਉਂਦਾ ਹਾਂ। ਉਹਨਾਂ ਦੀ ਹਿਫ਼ਾਜ਼ਤ ਦਾ ਖ਼ਾਤਰ-ਖ਼ਵਾਹ ਇੰਤਜ਼ਾਮ ਕਰਦਾ ਹਾਂ। ਜਾਓ, ਮੀਰ ਮੁਨਸ਼ੀ ਔਰ ਦਯਾ ਸਿੰਘ ਨੂੰ ਦਰਬਾਰੇ-ਖ਼ਾਸ ਵਿੱਚ ਹਾਜ਼ਰ ਕਰੋ। ਮੈਂ ਤਿਆਰ ਹੋ ਕੇ ਜਲਦੀ ਆਉਂਦਾ ਹਾਂ।"

**ਪ੍ਰਸ਼ਨ:**

1. ਇਹ ਸ਼ਬਦ ਕੌਣ, ਕਿਸ ਨੂੰ ਆਖਦਾ ਹੈ?
2. ਔਰੰਗਜ਼ੇਬ ਕਾਸਦ ਨੂੰ ਕਿਹੜਾ ਕੰਮ ਕਰਨ ਲਈ ਬੁਲਾਉਂਦਾ ਹੈ?
3. ਦਰਬਾਰੇ-ਖ਼ਾਸ ਵਿੱਚ ਕਿਨ੍ਹਾਂ ਨੂੰ ਹਾਜ਼ਰ ਹੋਣ ਲਈ ਕਿਹਾ ਗਿਆ ਹੈ?

**15.**"ਨਹੀਂ ਤੂੰ ਭੁਲੇਖੇ ਵਿੱਚ ਰਿਹਾ ਹੈਂ। ਅਸ਼ੋਕ ਤੇ ਅਕਬਰ ਵਾਂਗ ਲੋਕਾਂ ਦੇ ਦਿਲਾਂ ਨੂੰ ਜਿੱਤਣ ਨਾਲ਼ ਰਾਜ ਦੀਆਂ ਨੀਂਹਾਂ ਪੱਕੀਆਂ ਹੁੰਦੀਆਂ ਹਨ। ਸਿੱਖ, ਮਰਾਠੇ, ਰਾਜਪੂਤ, ਸੰਤ, ਸਾਧੂ, ਸ਼ੀਆ, ਸੂਫ਼ੀ, ਕੁੱਲ ਹਿੰਦੂ ਜਾਤੀ ਤੇਰੀ ਹਕੂਮਤ ਤੋਂ ਦੁਖੀ ਹੈ।"

**ਪ੍ਰਸ਼ਨ:**

1. ਇਹ ਵਾਰਤਾਲਾਪ ਕਿਸ ਇਕਾਂਗੀ ਵਿੱਚੋਂ ਲਈ ਲਈ ਹੈ?
2. ਰਾਜ ਦੀਆਂ ਨੀਂਹਾਂ ਕਿਵੇਂ ਪੱਕੀਆਂ ਹੁੰਦੀਆਂ ਹਨ?
3. ਔਰੰਗਜ਼ੇਬ ਦੀ ਹਕੂਮਤ ਤੋਂ ਦੁਖੀ ਕਿਹੜੇ ਲੋਕਾਂ ਦਾ ਜ਼ਿਕਰ ਕੀਤਾ ਗਿਆ ਹੈ?

**16.**"ਬੇਸ਼ੱਕ ਮੈਂ ਉਸ ਦੇ ਬਾਪ ਤੇਗ਼ ਬਹਾਦਰ ਦੇ ਕਤਲ ਦਾ ਹੁਕਮ ਦਿੱਤਾ ਸੀ ਮਗਰ ਉਹ ਮੁਲਕੀ ਮਾਮਲਾ ਸੀ ਪਰ ਵਜ਼ੀਰ ਖ਼ਾਨ ਨੇ ਮੇਰਾ ਨਾਂ ਬਦਨਾਮ ਕੀਤਾ ਹੈ ਔਰ ਇਸਲਾਮ ਦੀ ਤੌਹੀਨ ਕੀਤੀ ਹੈ। ਦੱਸ, ਉਸ ਨੂੰ ਕਿਆ ਸਜ਼ਾ ਦਿੱਤੀ ਜਾਵੇ?"

**ਪ੍ਰਸ਼ਨ:**

1. ਇਹ ਸ਼ਬਦ ਕੌਣ, ਕਿਸ ਨੂੰ ਕਹਿੰਦਾ ਹੈ?
2. ਇਹਨਾਂ ਉਤਰਾਂ ਵਿਚਲੇ ਸ਼ਬਦ 'ਉਸ ਦੇ ਬਾਪ' ਕਿਸ ਸ਼ਖ਼ਸੀਅਤ ਵੱਲ ਇਸ਼ਾਰਾ ਕਰਦੇ ਹਨ?
3. ਵਜ਼ੀਰ ਖ਼ਾਨ ਨੇ ਔਰੰਗਜ਼ੇਬ ਦਾ ਨਾਂ ਕਿਵੇਂ ਬਦਨਾਮ ਕੀਤਾ?

**17.**"ਮੇਰਾ ਤਾਂ ਕੋਈ ਨਹੀਂ ਕਰਦਾ ਜੀਅ, ਤੁਸੀਂ ਆਪਣੇ ਪੁੱਤਰ ਦੇ ਦੂਜੇ ਵਿਆਹ ਦੇ ਡਰਾਵੇ ਦਿੰਦੇ ਰਹਿੰਨੇ ਓ। ਪਰ ਮਾਂ ਜੀ, ਮੈਂ ਮਗਰੋਂ ਨਹੀਂ ਲਹਿਣ ਵਾਲੀ, ਐਡੀ ਸੌਖੀ। ਤੁਸੀਂ ਕਰੋ ਸਈ, ਆਪਣੇ ਪੁੱਤ ਦਾ ਦੂਜਾ ਵਿਆਹ, ਮੈਂ ਤੁਹਾਡੇ ਦਰ 'ਤੇ ਸ਼ਹੀਦ ਹੋ ਕੇ ਨਾ ਮਰ ਜਾਵਾਂ।"

**ਪ੍ਰਸ਼ਨ:**

1. ਇਹ ਸ਼ਬਦ ਕਿਸ ਨੇ, ਕਿਸ ਨੂੰ ਕਹੇ?
2. ਮਨਜੀਤ ਦੀ ਸੱਸ ਉਸ ਨੂੰ ਕਿਸ ਗੱਲ ਦਾ ਡਰਾਵਾ ਦਿੰਦੀ ਹੈ?
3. ਸੱਸ ਵੱਲੋਂ ਦਿੱਤੇ ਡਰਾਵੇ ਦੇ ਸੰਬੰਧ ਵਿੱਚ ਮਨਜੀਤ ਕੀ ਆਖਦੀ ਹੈ?

**18.**“ਜਦੋਂ ਬਾਪੂ ਜੀ ਸਿਪਾਹੀ ਭਰਤੀ ਹੋਏ ਤਾਂ ਉਹਨਾਂ ਦਾ ਵਿਆਹ ਹੋਇਆ ਸੀ। ਸਰਦਾਰ ਬਣਨ ਵੇਲ਼ੇ ਤੱਕ ਇੱਕ ਮੁੰਡਾ ਤੇ ਇੱਕ ਕੁੜੀ, ਮੈਂ ਤੇ ਭੈਣ ਜੀ ਹੀ ਪੈਦਾ ਹੋਏ ਤੇ ਬਾਪੂ ਜੀ ਨੇ ਸ਼ਾਇਦ ਫ਼ੌਜੀ ਨੁਕਤੇ ਤੋਂ ਐਨੀ ਕੁ ਸੰਤਾਨ ਨੂੰ ਕਾਫ਼ੀ ਨਾ ਸਮਝਿਆ ਤੇ ਦੂਜਾ ਵਿਆਹ ਕਰਵਾ ਲਿਆ।”

**ਪ੍ਰਸ਼ਨ:**

1. ਇਹ ਸ਼ਬਦ ਕਿਸ ਨੇ ਕਿਸ ਨੂੰ ਕਹੇ?
2. ਬਾਪੂ ਜੀ ਦੇ ਸਰਦਾਰ ਬਣਨ ’ਤੇ ਪਰਿਵਾਰ ਵਿੱਚ ਕੀ ਵਾਧਾ ਹੋਇਆ?
3. ਬਾਪੂ ਜੀ ਦੇ ਦੂਜਾ ਵਿਆਹ ਕਰਵਾਉਣ ਪਿੱਛੇ ਉਹਨਾਂ ਦੀ ਕਿਹੜੀ ਸੋਚ ਕੰਮ ਕਰਦੀ ਸੀ?

**19.**“ਦੁਖੀ ਤਾਂ ਹੈ, ਪਰ ਗੱਲ ਕੀ ਐ? ਦੁਖੀ ਦਾ ਤਾਂ ਮੈਨੂੰ ਪਤਾ ਈ ਐ। ਜਗੀਰਦਾਰਾਂ ਦੇ ਘਰ ਧੀ ਵਿਆਹ ਕੇ ਤੂੰ ਸੁੱਖ ਦੀ ਆਸ ਰੱਖੀ ਹੋਣੀ ਐਂ?”

**ਪ੍ਰਸ਼ਨ:**

1. ਇਹ ਸ਼ਬਦ ਕੌਣ, ਕਿਸ ਨੂੰ ਕਹਿੰਦਾ ਹੈ?
2. ਗੁਰਦਿੱਤ ਸਿੰਘ ਨੂੰ ਕਿਸ ਗੱਲ ਦਾ ਪਤਾ ਹੈ?
3. ਗੁਰਦਿੱਤ ਸਿੰਘ ਅਨੁਸਾਰ ਉਸ ਦੀ ਧੀ ਦੇ ਦੁਖੀ ਹੋਣ ਦਾ ਕੀ ਕਾਰਨ ਹੈ?

**20.**“ਨੀ ਬਹੂ, ਮੈਨੂੰ ਮਾਫ਼ ਕਰੀਂ, ਮੈਂ ਤੇਰੇ ਨਾਲ਼ ਜਿਹੜੀਆਂ ਦੂਜੇ ਵਿਆਹ ਦੀਆਂ ਗੱਲਾਂ ਕੀਤੀਆਂ ਨੇ। ਮੈਂ ਭੁੱਲੀ! ਮੈਂ ਤਾਂ ਆਪ ਏਸ ਦੂਜੇ ਵਿਆਹ ਦਾ ਬਥੇਰਾ ਦੁੱਖ ਭੋਗ ਚੁੱਕੀ ਹਾਂ। ਮੇਰੀ ਧੀ ’ਤੇ ਇਹ ਹੋਣੀ ਕਿਹੜੇ ਪਾਪ ਦਾ ਫਲ਼ ਹੋ ਕੇ ਬੀਤਦੀ ਐ? ਜਿਹੜੇ ਬਹੂ ਮੈਂ ਤੈਨੂੰ ਬੋਲ-ਕਬੋਲ ਕਹੇ ਨੇ, ਉਹਨਾਂ ਬੋਲਾਂ ਦੀ ਮੈਂ ਤੈਤੋਂ ’ਤੇ ਵਾਹਗੁਰੂ ਤੋਂ ਮਾਫ਼ੀ ਮੰਗਦੀ ਆਂ।”

**ਪ੍ਰਸ਼ਨ:**

1. ਇਹ ਸ਼ਬਦ ਕੌਣ, ਕਿਸ ਨੂੰ ਕਹਿੰਦਾ ਹੈ?
2. ਨਿਹਾਲ ਕੌਰ ਆਪਣੀ ਬਹੂ ਤੋਂ ਮਾਫ਼ੀ ਕਿਉਂ ਮੰਗਦੀ ਹੈ?
3. ਨਿਹਾਲ ਕੌਰ ਆਪਣੀ ਧੀ ਦੀ ਕਿਹੜੀ ’ਹੋਣੀ ਦੀ ਗੱਲ ਕਰਦੀ ਹੈ?

## ਵਿੱਦਿਅਕ ਵਰ੍ਹਾ: 2025-26
## ਜਮਾਤ-ਦਸਵੀਂ
## ਵਿਸ਼ਾ: ਪੰਜਾਬੀ (ਪੇਪਰ: ਬੀ)
## ਪ੍ਰਸ਼ਨ-ਪੱਤਰ ਦੀ ਰੂਪ-ਰੇਖਾ

**ਸਮਾਂ: 3 ਘੰਟੇ** **ਅੰਕ: 65**

**ਨੋਟ: ਪ੍ਰਸ਼ਨ-ਪੱਤਰ ਦੇ ਕੁੱਲ 12 ਪ੍ਰਸ਼ਨ ਹੋਣਗੇ। ਸਾਰੇ ਹੱਲ ਕਰਨੇ ਲਾਜ਼ਮੀ ਹੋਣਗੇ।**

**ਪ੍ਰਸ਼ਨ 1.** ਇਹ ਪ੍ਰਸ਼ਨ ਵਸਤੂਨਿਸ਼ਠ ਕਿਸਮ ਦਾ ਹੋਵੇਗਾ। (ਇਸ ਵਿੱਚੋਂ ਪ੍ਰਸ਼ਨ ਨੰ. 6, 7, 8, 9, 10, 11 ਅਤੇ 12 ਵਿੱਚੋਂ ਵਸਤੂਨਿਸ਼ਠ ਕਿਸਮ ਦੇ 10 ਪ੍ਰਸ਼ਨ ਪੁੱਛੇ ਜਾਣਗੇ। ਹਰੇਕ ਪ੍ਰਸ਼ਨ ਦਾ 1 ਅੰਕ ਹੋਵੇਗਾ।) **10×1=10**

**ਪ੍ਰਸ਼ਨ 2.** ਕੋਈ ਪੰਜ ਵਿਸ਼ੇ ਦੇ ਕੇ ਕਿਸੇ ਇੱਕ ਉੱਤੇ ਲਗਪਗ 400 ਸ਼ਬਦਾਂ ਵਿੱਚ ਲੇਖ ਲਿਖਣ ਲਈ ਕਿਹਾ ਜਾਵੇਗਾ। 3 ਅੰਕ ਵਿਸ਼ਾ ਵਸਤੂ ਦੇ ਅਤੇ 7 ਅੰਕ ਪ੍ਰਗਟਾਅ-ਵਿਸ਼ਾ ਵਸਤੂ ਦੀ ਤਰਤੀਬ, ਸਪਸ਼ਟਤਾ, ਸ਼ਬਦਾਵਲੀ, ਮੁਹਾਵਰੇ ਆਦਿ ਦੇ ਹਨ। **10**

**ਪ੍ਰਸ਼ਨ 3.** ਕੋਈ ਦੋ ਵਿਸ਼ੇ ਦੇ ਕੇ ਕਿਸੇ ਇੱਕ ਉੱਤੇ ਪੱਤਰ/ਅਰਜ਼ੀ ਲਿਖਣ ਲਈ ਕਿਹਾ ਜਾਵੇਗਾ। 2 ਅੰਕ ਅਰੰਭ ਦੇ, 3 ਅੰਕ ਮੱਧ ਦੇ ਅਤੇ 1 ਅੰਕ ਅੰਤ ਦਾ ਹੈ। **2+3+1=6**

**ਪ੍ਰਸ਼ਨ 4.** ਲਗ-ਪਗ 150 ਸ਼ਬਦਾਂ ਦਾ ਇੱਕ ਪੈਰਾ ਦੇ ਕੇ ਉਸ ਨੂੰ ਇੱਕ ਤਿਹਾਈ ਸ਼ਬਦਾਂ ਵਿੱਚ ਸੰਖੇਪ ਕਰਨ ਲਈ ਕਿਹਾ ਜਾਵੇਗਾ। ਇਸ ਦਾ ਸਿਰਲੇਖ ਵੀ ਲਿਖਣਾ ਹੋਵੇਗਾ। ਸਿਰਲੇਖ ਦਾ 1 ਅੰਕ ਅਤੇ ਸੰਖੇਪ ਦੇ 5 ਅੰਕ ਹਨ।

**1+5=6**

**ਪ੍ਰਸ਼ਨ 5.** ਪਾਠ-ਪੁਸਤਕ ਵਿੱਚੋ ਕੋਈ 6 ਮੁਹਾਵਰੇ ਦੇ ਕੇ ਕੋਈ 3 ਨੂੰ ਵਾਕਾਂ ਵਿੱਚ ਇਸ ਤਰ੍ਹਾਂ ਵਰਤਣ ਲਈ ਕਿਹਾ ਜਾਵੇਗਾ ਕਿ ਅਰਥ ਸਪਸ਼ਟ ਹੋ ਜਾਣ। ਵੱਖਰੇ ਅਰਥ ਨਹੀ ਪੁੱਛੇ ਜਾਣਗੇ। ਹਰੇਕ ਦੇ 2 ਅੰਕ ਹਨ। **3×2=6**

**ਪ੍ਰਸ਼ਨ 6.** ਇੱਕ ਅਜਿਹਾ ਪੈਰਾ ਜਾਂ ਕੁਝ ਵਾਕ ਦਿੱਤੇ ਜਾਣਗੇ, ਜਿਨ੍ਹਾਂ ਵਿੱਚ ਛੇ ਵਿਸਰਾਮ-ਚਿੰਨ੍ਹ ਹੀ ਲੱਗ ਸਕਦੇ ਹੋਣ, ਢੁਕਵੇਂ ਵਿਸਰਾਮ-ਚਿੰਨ੍ਹ ਲਾਉਣ ਲਈ ਕਿਹਾ ਜਾਵੇਗਾ। **6×½=3**

**ਪ੍ਰਸ਼ਨ 7. (ੳ)** ਇਸ ਪ੍ਰਸ਼ਨ ਵਿੱਚ ਵਿਆਕਰਨ ਪਰਿਭਾਸ਼ਾ, ਮੰਤਵ, ਅੰਗ : ਭਾਸ਼ਾ ਅਤੇ ਪੰਜਾਬੀ ਭਾਸ਼ਾ ਦੀਆਂ ਉਪ-ਭਸ਼ਾਵਾਂ, ਟਕਸਾਲੀ ਜਾਂ ਮਿਆਰੀ ਪੰਜਾਬੀ ਭਾਸ਼ਾ ਬਾਰੇ ਦੋ ਬਹੁਤ ਛੋਟੇ ਉੱਤਰਾ ਵਾਲ਼ੇ ਪ੍ਰਸ਼ਨ ਪੁੱਛੇ ਜਾਣਗੇ।

**2+2=4**

**(ਅ)** ਧੁਨੀ ਅਤੇ ਪੰਜਾਬੀ ਧੁਨੀਆਂ: ਸੂਰ, ਵਿਅੰਜਨ, ਨਾਸਕੀ ਸੂਰ, ਨਾਸਕੀ ਵਿਅੰਜਨ ਬਾਰੇ ਪ੍ਰਸ਼ਨ ਪੁੱਛਿਆ ਜਾਵੇਗਾ।

**2**

**ਪ੍ਰਸ਼ਨ 8.** ਲਿਪੀ ਅਤੇ ਗੁਰਮੁਖੀ ਲਿਪੀ: ਵਰਨ ਜਾਂ ਅੱਖਰ ਮੁਕਤਾ, ਲਗਾਂ, ਬਿੰਦੀ, ਟਿੱਪੀ, ਅਧਕ ਦੀ ਵਰਤੋਂ ਬਾਰੇ ਬਹੁਤ ਛੋਟੇ ਉੱਤਰਾਂ ਵਾਲ਼ੇ ਦੋ ਪ੍ਰਸ਼ਨ ਪੁੱਛੇ ਜਾਣਗੇ। **2**

**ਪ੍ਰਸ਼ਨ 9. (ੳ)** ਦੋ ਸ਼ਬਦ-ਭੇਦ ਦੇ ਕੇ ਕਿਸੇ ਇੱਕ ਦੀ ਪਰਿਭਾਸ਼ਾ ਅਤੇ ਉਦਾਹਰਨ ਪੁੱਛੀ ਜਾਵੇਗੀ। (ਨਾਂਵ, ਪੜਨਾਂਵ, ਵਿਸ਼ੇਸ਼ਣ, ਕਿਰਿਆ, ਕਿਰਿਆ-ਵਿਸ਼ੇਸ਼ਣ, ਸੰਬੰਧਕ, ਯੋਜਕ ਅਤੇ ਵਿਸਮਿਕ ਦੀਆਂ ਪਰਿਭਾਸ਼ਾਵਾਂ।) **2**

**(ਅ)** ਨਾਂਵ, ਪੜਨਾਂਵ, ਵਿਸ਼ੇਸ਼ਣ, ਕਿਰਿਆ, ਕਿਰਿਆ-ਵਿਸ਼ੇਸ਼ਣ ਦੀਆਂ ਕਿਸਮਾਂ ਪੁੱਛੀਆਂ ਜਾਣਗੀਆਂ। **2**

**ਪ੍ਰਸ਼ਨ 10.** ਕੋਈ ਇੱਕ ਵਾਕ ਦੇ ਕੇ ਉਸ ਵਿਚਲੇ ਨਾਂਵ, ਪੜਨਾਂਵ ਸ਼ਬਦਾਂ ਦੇ ਵਚਨ ਤੇ ਲਿੰਗ ਬਦਲ ਕੇ ਦੋ ਵੱਖਰੇ-ਵੱਖਰੇ ਵਾਕਾਂ ਵਿੱਚ ਮੁੜ ਲਿਖਣ ਲਈ ਕਿਹਾ ਜਾਵੇਗਾ। **2**

**ਪ੍ਰਸ਼ਨ 11:** ਕੋਈ ਇੱਕ ਵਾਕ ਦੇ ਕੇ ਉਸ ਨੂੰ ਦੋ ਵੱਖ-ਵੱਖ ਕਾਲਾਂ ਵਿੱਚ ਬਦਲ ਕੇ ਮੁੜ ਲਿਖਣ ਲਈ ਕਿਹਾ ਜਾਵੇਗਾ।

**4**

**ਪ੍ਰਸ਼ਨ 12: (ੳ)** ਇੱਕ ਬਹੁ-ਅਰਥਕ ਸ਼ਬਦ ਦੇ ਕੇ ਉਸ ਦੇ ਵੱਖਰੇ-ਵੱਖਰੇ ਅਰਥਾਂ ਨੂੰ ਸਪਸ਼ਟ ਕਰਨ ਲਈ ਉਸ ਨੂੰ ਵਾਕਾਂ ਵਿੱਚ ਵਰਤਣ ਲਈ ਕਿਹਾ ਜਾਵੇਗਾ।

**(ਅ)** ਇੱਕ ਸ਼ਬਦ ਦੇ ਕੇ ਉਸ ਦੇ ਸਮਾਨਾਰਥਕ ਸ਼ਬਦ ਲਿਖਣ ਲਈ ਕਿਹਾ ਜਾਵੇਗਾ।

**(ੲ)** ਬਹੁਤੇ ਸ਼ਬਦਾਂ ਦੀ ਥਾਂ ਇੱਕ ਸ਼ਬਦ ਜਾਂ ਇੱਕ ਸ਼ਬਦ ਦੇ ਕੇ ਉਸ ਦਾ ਵਿਰੋਧੀ ਸ਼ਬਦ ਪੁੱਛਿਆ ਜਾਵੇਗਾ।

**2+2+2=6**

**ਨਿਰਧਾਰਿਤ ਪਾਠ-ਪੁਸਤਕ :**

**ਆਧੁਨਿਕ ਪੰਜਾਬੀ ਵਿਆਕਰਨ ਅਤੇ ਲੇਖ ਰਚਨਾ (ਪੰਜਾਬ ਸਕੂਲ ਸਿੱਖਿਆ ਬੋਰਡ ਦੁਆਰਾ ਪ੍ਰਕਾਸ਼ਿਤ)**

**ਵਸਤੂਨਿਸ਼ਠ ਪ੍ਰਸ਼ਨ:**

1. ਨਾਂਵ ਦੀਆਂ ਕਿੰਨੀਆਂ ਕਿਸਮਾਂ ਹਨ?
2. ਜਿਨ੍ਹਾਂ ਸ਼ਬਦਾਂ ਰਾਹੀਂ ਅਸੀਂ ਚੀਜ਼ਾਂ, ਮਨੁੱਖਾਂ ਅਤੇ ਥਾਂਵਾਂ ਦੇ ਨਾਂ ਲੈਂਦੇ ਹਾਂ,ਉਹ ਕੀ ਅਖਵਾਉਂਦੇ ਹਨ?
3. ਪੜਨਾਂਵ ਦੀਆਂ ਕਿੰਨੀਆਂ ਕਿਸਮਾਂ ਹਨ?
4. ਵਿਆਕਰਨ ਦੇ ਮੁੱਖ ਅੰਗ ਕਿੰਨੇ ਹਨ?
5. ਵਿਆਕਰਨ ਦੇ ਕਿਸ ਭਾਗ ਅਧੀਨ ਸ਼ਬਦਾਂ ਦਾ ਅਧਿਐਨ ਕੀਤਾ ਜਾਂਦਾ ਹੈ?
6. ਭਾਸ਼ਾ ਦੇ ਸ਼ੁੱਧ ਤੇ ਮਿਆਰੀ ਰੂਪ ਨੂੰ ਸਮਝਣ ਲਈ ਕੀ ਜ਼ਰੂਰੀ ਹੈ?
7. ਉਹ ਕਿਹੜਾ ਸਾਧਨ ਹੈ ਜਿਸ ਰਾਹੀਂ ਮਨੁੱਖ ਆਪਣੇ ਵਿਚਾਰ ਤੇ ਭਾਵ ਦੂਜਿਆਂ ਤੱਕ ਪਹੁੰਚਾਉਂਦਾ ਹੈ?
8. ਬੋਲੀ/ਭਾਸ਼ਾ ਕਿੰਨੇ ਪ੍ਰਕਾਰ ਦੀ ਹੁੰਦੀ ਹੈ?
9. ਟਕਸਾਲੀ ਭਾਸ਼ਾ ਦਾ ਆਧਾਰ ਕਿਸ ਉਪਭਾਸ਼ਾ ਨੂੰ ਬਣਾਇਆ ਗਿਆ ਹੈ?
10. ਵਿਆਕਰਨ ਅਨੁਸਾਰ ਮੂੰਹ ਵਿੱਚੋਂ ਨਿਕਲ਼ਨ ਵਾਲ਼ੀ ਅਵਾਜ਼ ਨੂੰ ਕੀ ਕਹਿੰਦੇ ਹਨ?
11. ਪੰਜਾਬੀ ਵਿੱਚ ਸ੍ਵਰ-ਧੁਨੀਆਂ ਕਿਹੜੀਆਂ-ਕਿਹੜੀਆਂ ਹਨ?
12. ਪੰਜਾਬੀ ਦੇ ਨਾਸਕੀ ਵਿਅੰਜਨ ਕਿਹੜੇ-ਕਿਹੜੇ ਹਨ?
13. ਧੁਨੀਆਂ ਨੂੰ ਲਿਖਤੀ ਰੂਪ ਵਿੱਚ ਅੰਕਿਤ ਕਰਨ ਲਈ ਵਰਤੇ ਜਾਣ ਵਾਲ਼ੇ ਚਿੰਨ੍ਹਾਂ ਦੇ ਸਮੂਹ ਨੂੰ ਕੀ ਕਿਹਾ ਜਾਂਦਾ ਹੈ?
14. ਪੰਜਾਬੀ ਭਾਸ਼ਾ ਲਈ ਢੁਕਵੀਂ ਲਿਪੀ ਕਿਹੜੀ ਹੈ?
15. ਗੁਰਮੁਖੀ ਲਿਪੀ ਵਿੱਚ ਕਿੰਨੀਆਂ ਲਗਾਂ ਦੀ ਵਰਤੋਂ ਕੀਤੀ ਜਾਂਦੀ ਹੈ?
16. ਪੜਨਾਂਵ ਦੀਆਂ ਕਿੰਨੀਆਂ ਕਿਸਮਾਂ ਹੁੰਦੀਆਂ ਹਨ?
17. ਵਿਸਮਿਕ ਦੀਆਂ ਕਿੰਨੀਆਂ ਕਿਸਮਾਂ ਹੁੰਦੀਆਂ ਹਨ?
18. ਕਿਰਿਆ-ਵਿਸ਼ੇਸ਼ਣ ਦੀਆਂ ਕਿੰਨੀਆਂ ਕਿਸਮਾਂ ਹੁੰਦੀਆਂ ਹਨ?
19. ਗੁਰਮੁਖੀ ਲਿਖਣ ਲਈ ਦਬਾਅ ਜਾਂ ਬਲ ਦਾ ਚਿੰਨ੍ਹ ਕਿਹੜਾ ਹੈ?
20. ਮਨ ਦੀ ਖ਼ੁਸ਼ੀ, ਗ਼ਮੀ, ਹੈਰਾਨੀ ਪ੍ਰਗਟ ਕਰਨ ਲਈ ਕਿਸ ਵਿਸਰਾਮ-ਚਿੰਨ੍ਹ ਦੀ ਵਰਤੋਂ ਕੀਤੀ ਜਾਂਦੀ ਹੈ?
21. ਜਿਸ ਸ਼ਬਦ ਦੇ ਇੱਕ ਤੋਂ ਵੱਧ ਅਰਥ ਹੋਣ, ਉਸ ਨੂੰ ਕੀ ਕਹਿੰਦੇ ਹਨ?
22. 'ਮੈਂ ਆਪ ਉਸ ਨੂੰ ਨਕਲ਼ ਮਾਰਦੇ ਦੇਖਿਆ ਹੈ।' ਇਸ ਵਾਕ ਵਿੱਚ ਆਪ ਸ਼ਬਦ ਕਿਸ ਪ੍ਰਕਾਰ ਦਾ ਪੜਨਾਂਵ ਹੈ?

23. 'ਕੌਣ ਰੌਲ਼ਾ ਪਾਉਂਦਾ ਹੈ?' ਇਸ ਵਾਕ ਵਿੱਚ ਕੌਣ ਸ਼ਬਦ ਕਿਸ ਪ੍ਰਕਾਰ ਦਾ ਪੜਨਾਂਵ ਹੈ?

24. ਵਿਸ਼ੇਸ਼ਣ ਦੀਆਂ ਕਿੰਨੀਆਂ ਕਿਸਮਾਂ ਹਨ?

25. ਨਾਂਵ ਸ਼ਬਦਾਂ ਦੀ ਵਿਸ਼ੇਸ਼ਤਾ, ਗੁਣ, ਔਗੁਣ ਜਾਂ ਗਿਣਤੀ-ਮਿਣਤੀ ਦੱਸਣ ਵਾਲ਼ੇ ਸ਼ਬਦ ਕੀ ਅਖਵਾਉਂਦੇ ਹਨ?

26. 'ਮੇਰੀ ਚੁੰਨੀ ਦਾ ਰੰਗ ਨੀਲਾ ਹੈ।' ਇਸ ਵਾਕ ਵਿੱਚ ਕਿਹੜੇ ਵਿਸ਼ੇਸ਼ਣ ਦੀ ਵਰਤੋਂ ਹੋਈ ਹੈ?

27. 'ਗ਼ਰੀਬ ਨਾਲ਼ ਵਿਰਲਾ ਹੀ ਚੰਗਾ ਵਰਤਾਅ ਕਰਦਾ ਹੈ।' ਵਾਕ ਵਿੱਚ ਪੜਨਾਂਵ ਦੀ ਕਿਹੜੀ ਕਿਸਮ ਦੀ ਵਰਤੋਂ ਕੀਤੀ ਗਈ ਹੈ?

28. ਬਹੁਤਾ, ਥੋੜ੍ਹਾ, ਕਾਫ਼ੀ ਕਿਸ ਪ੍ਰਕਾਰ ਦੇ ਵਿਸ਼ੇਸ਼ਣ ਹੈ?

29. 'ਸ਼ਾਮ ਘੜੀ-ਮੁੜੀ ਸਾਡੇ ਵੱਲ ਵੇਖ ਰਿਹਾ ਸੀ।' ਵਾਕ ਵਿੱਚ ਕਿਰਿਆ-ਵਿਸ਼ੇਸ਼ਣ ਦੀ ਕਿਹੜੀ ਕਿਸਮ ਦੀ ਵਰਤੋਂ ਕੀਤੀ ਗਈ ਹੈ?

30. 'ਛੁੱਟੀਆਂ ਵਿੱਚ ਮੈਂ ਖ਼ੂਬ ਖੇਡਦਾ ਸਾਂ।' ਵਾਕ ਦਾ ਕਾਲ-ਰੂਪ ਕਿਹੜਾ ਹੈ।

31. ਪੰਜਾਬੀ ਦੀਆਂ ਉਹ ਕਿਹੜੀਆਂ ਵਿਅੰਜਨ-ਧੁਨੀਆਂ ਹਨ ਜੋ ਸ੍ਵਰ ਵਿੱਚ ਤਬਦੀਲ ਹੋਣ ਦੀ ਸਮਰੱਥਾ ਰੱਖਦੀਆਂ ਹਨ?

32. ਅਜੋਕੀ ਪੰਜਾਬੀ ਵਿੱਚ ਕਿਹੜੀਆਂ ਧੁਨੀਆਂ ਨਾਲ਼ ਕੋਈ ਸ਼ਬਦ ਸ਼ੁਰੂ ਨਹੀਂ ਹੁੰਦਾ?

33. ਗੁਰਮੁਖੀ ਲਿਪੀ ਵਿੱਚ ਸ੍ਵਰ-ਅੱਖਰ ਕਿਹੜੇ-ਕਿਹੜੇ ਹਨ?

34. ਉਹ ਕਿਹੜਾ ਅੱਖਰ ਹੈ ਜਿਸ ਨਾਲ਼ ਹੋੜਾ ਲਾਉਣ ਨਾਲ਼, ਉਸ ਦਾ ਮੂੰਹ ਖੋਲ੍ਹ ਦਿੱਤਾ ਜਾਂਦਾ?

35. ਗੁਰਮੁਖੀ ਲਿਪੀ ਵਿੱਚ ਚਿੰਨ੍ਹ-ਰਹਿਤ ਲਗ ਕਿਹੜੀ ਹੈ?

36. ਗੁਰਮੁਖੀ ਲਿਪੀ ਵਿੱਚ ਲਗਾਂਖਰ ਦੀ ਗਿਣਤੀ ਕਿੰਨੀ ਹੈ?

37. ਗੁਰਮੁਖੀ ਲਿਪੀ ਵਿੱਚ ਕਿੰਨੀਆਂ ਲਗਾਂ ਨਾਲ਼ ਬਿੰਦੀ ਦੀ ਵਰਤੋਂ ਕੀਤੀ ਜਾਂਦੀ ਹੈ?

38. ਗੁਰਮੁਖੀ ਲਿਪੀ ਵਿੱਚ ਅਧਕ ਦੀ ਵਰਤੋਂ ਕਿੰਨੀਆਂ ਲਗਾਂ ਨਾਲ਼ ਹੁੰਦੀ ਹੈ?

39. ਕਿਰਿਆ ਦੀਆਂ ਕਿੰਨੀਆਂ ਕਿਸਮਾਂ ਹਨ?

40. ਜਿਹੜੇ ਸ਼ਬਦ ਤੋਂ ਕਿਸੇ ਕੰਮ ਦਾ ਹੋਣਾ, ਕਰਨਾ ਜਾਂ ਵਾਪਰਨਾ ਪ੍ਰਗਟ ਹੋਵੇ, ਉਸ ਨੂੰ ਕੀ ਕਹਿੰਦੇ ਹਨ?

41. ਜਿਨ੍ਹਾਂ ਸ਼ਬਦਾਂ ਤੋਂ ਕਿਰਿਆ ਦੇ ਹੋਣ ਦੇ ਸਥਾਨ ਦਾ ਪਤਾ ਲੱਗਦਾ ਹੈ, ਉਨ੍ਹਾਂ ਨੂੰ ਕੀ ਕਿਹਾ ਜਾਂਦਾ ਹੈ?

42. 'ਥੋੜ੍ਹਾ, ਬਹੁਤ, ਏਨਾ, ਕਿੰਨਾ, ਨਿਰਾ, ਬੜਾ ਹੀ' ਇਹ ਸ਼ਬਦ ਕਿਸ ਕਿਸਮ ਦੇ ਕਿਰਿਆ-ਵਿਸ਼ੇਸ਼ਣ ਹਨ?

43. ਜਿਹੜੇ ਸ਼ਬਦ ਦੋ ਸ਼ਬਦਾਂ, ਵਾਕਾਂਸ਼ਾਂ, ਉਪਵਾਕਾਂ ਜਾਂ ਵਾਕਾਂ ਨੂੰ ਇੱਕ-ਦੂਜੇ ਨਾਲ਼ ਜੋੜਦੇ ਹਨ, ਉਨ੍ਹਾਂ ਨੂੰ ਕੀ ਕਹਿੰਦੇ ਹਨ?

44. ਮਨ ਦੀ ਖ਼ੁਸ਼ੀ, ਗ਼ਮੀ, ਹੈਰਾਨੀ, ਭੈ, ਪ੍ਰਸੰਸਾ ਆਦਿ ਦੇ ਭਾਵਾਂ ਨੂੰ ਪ੍ਰਗਟ ਕਰਨ ਵਾਲ਼ੇ ਸ਼ਬਦਾਂ ਨੂੰ ਕੀ ਕਹਿੰਦੇ ਹਨ?

45. ਭਾਸ਼ਾ ਦੀਆਂ ਧੁਨੀਆਂ ਨੂੰ ਲਿਖਤੀ ਰੂਪ ਵਿੱਚ ਅੰਕਿਤ ਕਰਨ ਲਈ ਵਰਤੇ ਜਾਂਦੇ ਚਿੰਨ੍ਹਾਂ ਦੇ ਸਮੂਹ ਨੂੰ ਕੀ ਕਹਿੰਦੇ ਹਨ?

46. ਲਗਾਂ ਕਿਸ ਨੂੰ ਕਿਹਾ ਜਾਂਦਾ ਹੈ?

47. ਵਿਸ਼ੇਸ਼ ਤਰਤੀਬ ਵਿੱਚ ਲਿਖੇ ਕਿਸੇ ਲਿਪੀ ਦੇ ਸਾਰੇ ਅੱਖਰਾਂ ਨੂੰ ਕੀ ਕਿਹਾ ਜਾਂਦਾ ਹੈ?

48. ਲਗਾਂ ਦੇ ਨਾਲ਼ ਵਰਤੇ ਜਾਂਦੇ ਲਿਪੀ-ਚਿੰਨ੍ਹਾਂ ਨੂੰ ਕੀ ਕਹਿੰਦੇ ਹਨ?

49. ਦਬਾਅ ਜਾਂ ਬਲ ਦਾ ਚਿੰਨ੍ਹ ਕਿਹੜਾ ਹੈ?

50. ਵਿਆਕਰਨ ਅਨੁਸਾਰ ਧੁਨੀ ਕਿਸ ਨੂੰ ਕਹਿੰਦੇ ਹਨ?

51. ਭਾਸ਼ਾਈ ਸਰੰਚਨਾ ਦੀ ਛੋਟੀ ਤੋਂ ਛੋਟੀ ਇਕਾਈ ਕਿਹੜੀ ਹੈ?

52. ਪੰਜਾਬੀ ਵਿੱਚ ਸ੍ਵਰ-ਵਾਹਕ ਅੱਖਰ ਕਿਹੜੇ ਹਨ?

53. ਪੰਜਾਬੀ ਦੀਆਂ ਕਿਹੜੀਆਂ ਧੁਨੀਆਂ ਨਾਲ਼ ਮੌਜੂਦਾ ਦੌਰ ਵਿੱਚ ਕੋਈ ਸ਼ਬਦ ਆਰੰਭ ਨਹੀਂ ਹੁੰਦਾ?

54. ਉਹ ਕਿਹੜਾ ਅੱਖਰ ਹੈ, ਜਿਸ ਉੱਤੇ ਹੋੜਾ ( ੋ ) ਲਗਾਉਣ ਲਈ ਉਸ ਦਾ ਮੂੰਹ ਖੋਲ੍ਹ ਦਿੱਤਾ ਜਾਂਦਾ ਹੈ?

55. ਵਿਆਕਰਨ ਦੇ ਕਿਸ ਭਾਗ ਅਧੀਨ ਭਾਸ਼ਾਈ ਧੁਨੀਆਂ ਦਾ ਅਧਿਐਨ ਕੀਤਾ ਜਾਂਦਾ ਹੈ?

## ਸੰਖੇਪ ਰਚਨਾ ਦਾ ਇੱਕ ਨਮੂਨਾ

1. ਚੰਗੀਆਂ ਪੁਸਤਕਾਂ ਮਨੁੱਖ ਲਈ ਵਰਦਾਨ ਹਨ। ਜਦੋਂ ਦੁੱਖਾਂ-ਮੁਸੀਬਤਾਂ ਦੇ ਕਾਲ਼ੇ ਬੱਦਲ਼ ਸਾਡੇ ਜੀਵਨ ਨੂੰ ਹਨੇਰੀ ਬੁੱਕਲ ਵਿੱਚ ਲਪੇਟ ਲੈਂਦੇ ਹਨ ਅਤੇ ਸਾਡੇ ਸੰਗੀ-ਸਾਥੀ ਤੇ ਮਿੱਤਰ-ਦੋਸਤ ਸਾਥ ਛੱਡ ਜਾਂਦੇ ਹਨ ਤਾਂ ਇਹ ਪੁਸਤਕਾਂ ਆਪਣੇ ਮਿੱਠੇ ਅਤੇ ਸਿਆਣੇ ਬੋਲਾਂ ਨਾਲ਼ ਸਾਡਾ ਹੌਸਲਾ ਵਧਾਉਂਦੀਆਂ ਹਨ, ਸਾਨੂੰ ਢਾਰਸ ਦਿੰਦੀਆਂ ਹਨ ਅਤੇ ਸਾਡੇ ਗਿਆਨ ਵਿੱਚ ਵਾਧਾ ਕਰਦੀਆਂ ਹਨ। ਇਹ ਸਾਨੂੰ ਦ੍ਰਿੜ੍ਹਤਾ ਨਾਲ਼ ਜਿਊਂਣ ਦੀ ਜਾਚ ਦੱਸਦੀਆਂ ਹਨ। ਮਨੁੱਖ ਦੀ ਹਜ਼ਾਰਾਂ ਵਰ੍ਹਿਆਂ ਦੀ ਸਿਆਣਪ ਅਤੇ ਤਜਰਬਿਆਂ ਦਾ ਨਿਚੋੜ ਇਹਨਾਂ ਵਿੱਚ ਛੁਪਿਆ ਹੁੰਦਾ ਹੈ। ਇਹਨਾਂ ਦੇ ਬੂਹੇ ਹਰ ਛੋਟੇ-ਵੱਡੇ, ਉੱਚੇ-ਨੀਵੇਂ, ਅਮੀਰ-ਗ਼ਰੀਬ ਲਈ ਸਦਾ ਖੁੱਲ੍ਹੇ ਰਹਿੰਦੇ ਹਨ। ਇਹ ਸਾਨੂੰ ਇੱਕ ਅਜਿਹੀ ਦੌਲਤ ਨਾਲ਼ ਮਾਲਾ-ਮਾਲ ਕਰਦੀਆਂ ਹਨ ਜਿਸ ਨੂੰ ਚੋਰ ਚੁਰਾ ਨਹੀਂ ਸਕਦਾ, ਪਾਣੀ ਰੋੜ੍ਹ ਨਹੀਂ ਸਕਦਾ, ਅੱਗ ਸਾੜ ਨਹੀਂ ਸਕਦੀ। ਚੰਗੀਆਂ ਪੁਸਤਕਾਂ ਮਨੁੱਖ ਦੀਆਂ ਸੱਚੀਆਂ ਦੋਸਤ ਹੁੰਦੀਆਂ ਹਨ— ਉਹ ਦੋਸਤ ਜੋ ਕਦੇ ਬੁਰਾ ਨਹੀਂ ਸੋਚ ਸਕਦਾ ਅਤੇ ਕਦੇ ਧੋਖਾ ਨਹੀਂ ਦਿੰਦਾ। ਵੱਡੇ ਭਾਗਾਂ ਵਾਲ਼ੇ ਹਨ ਉਹ ਲੋਕ ਜਿਨ੍ਹਾਂ ਨੂੰ ਉੱਤਮ ਪੁਸਤਕਾਂ ਪੜ੍ਹਨ ਦਾ ਸ਼ੌਕ ਹੈ।

**ਕੁੱਲ ਸ਼ਬਦ**: 147

**ਇੱਕ ਤਿਹਾਈ ਸ਼ਬਦ**: 49

ਸਿਰਲੇਖ:- ਚੰਗੀਆਂ ਪੁਸਤਕਾਂ

**ਸੰਖੇਪ ਰਚਨਾ:** ਔਖੇ ਸਮੇਂ ਵਿੱਚ ਚੰਗੀਆਂ ਪੁਸਤਕਾਂ ਸਾਡਾ ਸਦਾ ਸਾਥ ਨਿਭਾਉਂਦਿਆਂ ਸਾਡੀ ਅਗਵਾਈ ਕਰਦੀਆਂ ਹਨ। ਹੁਣ ਤੱਕ ਦਾ ਇਕੱਠਾ ਕੀਤਾ ਗਿਆ ਗਿਆਨ ਇਹਨਾਂ ਪੁਸਤਕਾਂ ਵਿੱਚੋਂ ਹੀ ਪ੍ਰਾਪਤ ਹੁੰਦਾ ਹੈ ਅਤੇ ਇਹ ਗਿਆਨ ਨੂੰ ਬਿਨਾਂ ਕਿਸੇ ਭੇਦ-ਭਾਵ ਦੇ ਸਭ ਨੂੰ ਪ੍ਰਦਾਨ ਕਰਨ ਲਈ ਤਿਆਰ ਰਹਿੰਦੀਆਂ ਹਨ। ਪੁਸਤਕਾਂ ਤੋਂ ਪ੍ਰਾਪਤ ਗਿਆਨ ਹਮੇਸ਼ਾਂ ਸਾਡੇ ਕੋਲ਼ ਰਹਿੰਦਾ ਹੈ।

## ਸੰਖੇਪ ਰਚਨਾ ਦੇ ਅਭਿਆਸ ਲਈ ਪੈਰੇ

2. ਗੁਰੂ ਨਾਨਕ ਦਾ ਉਪਦੇਸ਼ ਸਰਬ-ਸੰਸਾਰ ਲਈ ਸਾਂਝਾ ਤੇ ਪ੍ਰਾਣੀ ਮਾਤਰ ਲਈ ਕਲਿਆਣਕਾਰੀ ਹੈ। ਉਹਨਾਂ ਦਾ ਸੁਨੇਹਾ ਹਰ ਇਨਸਾਨ ਅਤੇ ਸਮੁੱਚੇ ਤੌਰ ’ਤੇ ਇਨਸਾਨੀ ਸਮਾਜ ਲਈ ਵਿਸ਼ੇਸ਼ ਮਹੱਤਤਾ ਰੱਖਦਾ ਹੈ। ਪਹਿਲਾ

ਉਪਦੇਸ਼ ਇਨਸਾਨ ਨੂੰ ਆਪਣੀ ਆਤਮਾ ਨੂੰ ਉੱਨਤ ਕਰਨ ਦਾ ਹੈ ਅਤੇ ਨਾਮ-ਦਾਨ ਤੇ ਇਸ਼ਨਾਨ ਇਸ ਦਾ ਸਾਧਨ ਦੱਸਿਆ ਹੈ। ਈਸ਼ਵਰ-ਭਗਤੀ, ਈਸ਼ਵਰ-ਸਿਮਰਨ ਨਾਲ਼ ਮਨ ਦੀ ਮੈਲ ਕਟਦੀ ਹੈ ਤੇ ਆਤਮਾ ਆਪਣੇ ਸ਼ੁੱਧ ਰੂਪ ਵਿੱਚ ਵਿਦਮਾਨ ਹੁੰਦੀ ਹੈ। ਦੂਸਰਾ ਉਪਦੇਸ਼ ਗੁਰੂ ਨਾਨਕ ਦਾ ਇਹ ਹੈ ਕਿ ਸੰਸਾਰ ਅਤੇ ਸਮਾਜ ਤੋਂ ਕੱਟ ਹੋ ਕੇ, ਵੱਖਰੇ ਹੋ ਕੇ, ਕਿਸੇ ਵਿਅਕਤੀਗਤ ਆਤਮਾ ਦਾ ਵਿਕਾਸ, ਉੱਨਤੀ ਅਤੇ ਹੋਂਦ ਅਸੰਭਵ ਹੈ। ਗੁਰੂ ਨਾਨਕ ਦਾ ਇਹ ਉਪਦੇਸ਼ ਹੈ ਕਿ ਇਨਸਾਨ ਖ਼ੁਦਗ਼ਰਜ਼ੀ ਤੇ ਹਉਮੈਂ ਦੀ ਜਿੱਲ੍ਹਣ ਵਿੱਚੋਂ ਨਿਕਲ ਕੇ ਪ੍ਰੇਮ ਤੇ ਸੇਵਾ ਦੇ ਸਾਧਨ ਦੁਆਰਾ ਸਾਂਝੀਵਾਲਤਾ ਦੀ ਟੀਸੀ ਉੱਤੇ ਪੁੱਜੇ ਤਾਂਜੋ ਵਿਸ਼ਵ ਅਥਵਾ ਸਾਰੀ ਇਨਸਾਨੀਅਤ ਦਾ ਕਲਿਆਣ ਹੋਵੇ।

3. ਆਦਿ ਕਾਲ ਤੋਂ ਹੀ ਇਸ ਦੇਸ ਵਿੱਚ, ਜੀਵਨ ਦੇ ਹਰ ਖੇਤਰ ਵਿੱਚ, ਅਸਧਾਰਨ ਵਿਅਕਤੀਆਂ ਦਾ ਪ੍ਰਕਾਸ਼ ਹੋਇਆ ਹੈ। ਸਾਡਾ ਇਤਿਹਾਸ ਅਜਿਹੇ ਮਹਾਨ ਲੋਕਾਂ ਦੇ ਨਾਂਵਾਂ ਨਾਲ਼ ਭਰਿਆ ਪਿਆ ਹੈ, ਜਿਨ੍ਹਾਂ ਦੀ ਕਲਾ, ਸਾਹਿਤ, ਰਾਜਨੀਤੀ, ਵਿਗਿਆਨ ਅਤੇ ਦੂਜੇ ਖੇਤਰਾਂ ਵਿੱਚ ਮਹੱਤਵਪੂਰਨ ਦੇਣ ਰਹੀ ਹੈ। ਬਹੁਤ ਸਾਰੇ ਅਜਿਹੇ ਵਿਅਕਤੀ ਹੋਏ ਹਨ ਜਿਨ੍ਹਾਂ ਦੇ ਨਾਂਵਾਂ ਤੋਂ ਲੋਕੀਂ ਵਾਕਫ਼ ਹਨ, ਪਰ ਜਿਨ੍ਹਾਂ ਦੇ ਜੀਵਨ-ਵਿਹਾਰ ਅਤੇ ਕੰਮ ਬਾਰੇ ਲੋਕਾਂ ਨੂੰ ਜਾਣਕਾਰੀ ਨਹੀਂ ਹੈ। ਕਿਸੇ ਦੇਸ ਦਾ ਇਤਿਹਾਸ, ਕਾਫ਼ੀ ਹੱਦ ਤੱਕ, ਉਸ ਦੇ ਇਸਤਰੀ-ਪੁਰਸ਼ਾਂ ਦਾ ਇਤਿਹਾਸ ਹੁੰਦਾ ਹੈ। ਉਹਨਾਂ ਨੇ ਹੀ ਉਸ ਨੂੰ ਘੜਿਆ, ਸੁਆਰਿਆ ਅਤੇ ਉਸ ਦਾ ਵਿਕਾਸ ਕੀਤਾ ਹੁੰਦਾ ਹੈ। ਆਮ ਲੋਕਾਂ ਲਈ ਇਹ ਜ਼ਰੂਰੀ ਹੈ ਕਿ ਉਹ ਉਹਨਾਂ ਮਹਾਨ ਸ਼ਖ਼ਸੀਅਤਾਂ ਬਾਰੇ ਕੁਝ ਜਾਣਨ ਤਾਂਕਿ ਉਹ ਇਹ ਸਮਝ ਸਕਣ ਕਿ ਦੇਸ ਦਾ ਵਿਕਾਸ ਕਿਨ੍ਹਾਂ ਪੜਾਵਾਂ ਵਿੱਚੋਂ ਲੰਘ ਕੇ ਆਇਆ ਹੈ।

4. ਤਾੜ ਪੱਤਰ ਨੂੰ ਉਬਾਲ ਕੇ, ਸੋਖ ਕੇ ਜਾਂ ਕਿਸੇ ਹੋਰ ਚੀਕਨੀ ਚੀਜ਼ ਨਾਲ਼ ਰਗੜ ਕੇ ਉਹਨਾਂ ਨੂੰ ਚਮਕਾ ਲਿਆ ਜਾਂਦਾ ਸੀ। ਚਮਕਾਉਣ ਤੋਂ ਬਾਅਦ ਲੋਹੇ ਦੀ ਕਲਮ ਨਾਲ਼ ਉਹਨਾਂ 'ਤੇ ਅੱਖਰ ਉੱਕਰ ਦਿੱਤੇ ਜਾਂਦੇ ਸਨ, ਫੇਰ ਕਾਲ਼ੀ ਸਿਆਹੀ ਲਿੱਪ ਦਿੱਤੀ ਜਾਂਦੀ ਸੀ ਜਿਹੜੀ ਉੱਕਰੀ ਹੋਈ ਥਾਂ ਵਿੱਚ ਭਰ ਦਿੱਤੀ ਜਾਂਦੀ ਸੀ ਅਤੇ ਬਾਕੀ ਦੀ ਚੀਕਨੀ ਚੀਜ਼ ਉਸ ਥਾਂ ਤੋਂ ਪੂੰਝ ਦਿੱਤੀ ਜਾਂਦੀ ਸੀ। ਲੋਹੇ ਦੀ ਕਲਮ ਨਾਲ ਉੱਕਰਨ ਦਾ ਇਹ ਰਿਵਾਜ ਦੱਖਣ ਵਿੱਚ ਹੀ ਸੀ। ਉੱਤਰੀ ਭਾਰਤ ਅਤੇ ਪੂਰਬੀ ਭਾਰਤ ਵਿੱਚ ਉਹਨਾਂ 'ਤੇ ਉਸੇ ਤਰ੍ਹਾਂ ਲਿਖਿਆ ਜਾਂਦਾ ਸੀ, ਜਿਸ ਤਰ੍ਹਾਂ ਕਾਗ਼ਜ਼ਾਂ 'ਤੇ ਲਿਖਿਆ ਜਾਂਦਾ ਹੈ। ਇਹਨਾਂ ਪੱਤਿਆਂ ਦੀ ਲੰਬਾਈ ਕਦੇ-ਕਦੇ ਦੋ ਫੁੱਟ ਤੱਕ ਹੁੰਦੀ ਹੈ। ਸ਼ਾਂਤੀ-ਨਿਕੇਤਨ ਦੇ ਮਿਊਜ਼ੀਅਮ ਵਿੱਚ ਦੋਵੇਂ ਤਰ੍ਹਾਂ ਦੀਆਂ ਪੱਤਰੀਆਂ ਰੱਖੀਆਂ ਹੋਈਆਂ ਹਨ। ਕੁਝ ਵਿੱਚ ਸਿਰਫ਼ ਅੱਖਰ ਉੱਕਰ ਕੇ ਛੱਡ ਦਿੱਤੇ ਗਏ ਹਨ ਅਤੇ ਕੁਝ ਵਿੱਚ ਸਿਆਹੀ ਭਰੀ ਹੋਈ ਸੀ। ਸੰਸਕ੍ਰਿਤ ਵਿੱਚ 'ਲਿਪ' ਦਾ ਅਰਥ ਉੱਕਰਨਾ

ਹੀ ਹੈ।'ਲਿਪੀ' ਸ਼ਬਦ ਲਿਖਾਈ ਲਈ ਵਰਤਿਆ ਜਾਣ ਲੱਗਾ, ਇਸ ਦਾ ਕਾਰਨ ਵੀ ਸਿਆਹੀ ਲਿੱਪਣਾ ਹੀ ਹੈ। ਇਹਨਾਂ ਪੱਤਰਿਆਂ ਵਿੱਚ ਲਿਖਣ ਦੀ ਥਾਂ ਦੇ ਵਿਚਕਾਰ ਇੱਕ ਛੇਕ ਹੁੰਦਾ ਹੈ। ਜੇ ਪੱਤਰੇ ਬਹੁਤ ਲੰਮੇ ਹੋਣ ਤਾਂ ਦੋ ਛੇਕ ਵੀ ਕਰ ਦਿੱਤੇ ਜਾਂਦੇ ਸਨ। ਇਹਨਾਂ ਛੇਕਾਂ ਵਿੱਚ ਧਾਗਾ ਪਰੋ ਦਿੱਤਾ ਜਾਂਦਾ ਸੀ। ਬਾਅਦ ਵਿੱਚ ਕਾਗ਼ਜ਼ 'ਤੇ ਲਿਖੀਆਂ ਪੋਥੀਆਂ ਵਿੱਚ ਵੀ ਛੇਕ ਲਈ ਥਾਂ ਛੱਡ ਦਿੱਤੀ ਜਾਂਦੀ ਸੀ ਪਰ ਇਹਨਾਂ ਵਿੱਚ ਛੇਕ ਕੀਤਾ ਨਹੀਂ ਸੀ ਜਾਂਦਾ। ਧਾਗੇ ਵਿੱਚ ਬੰਨ੍ਹੇ ਹੋਏ (ਗ੍ਰੰਥਿਤ) ਹੋਣ ਕਰਕੇ ਹੀ ਪੋਥੀਆਂ ਲਈ 'ਗ੍ਰੰਥ' ਸ਼ਬਦ ਵਰਤਿਆ ਜਾਣ ਲੱਗਾ।

**5.** ਵਿੱਦਿਆ ਪੜ੍ਹਨ ਨਾਲ਼ ਮਨ ਪ੍ਰਸੰਨ ਹੁੰਦਾ ਹੈ, ਗੱਲ-ਬਾਤ ਵਿੱਚ ਸਲੀਕਾ ਆਉਂਦਾ ਹੈ ਅਤੇ ਲਿਆਕਤ ਵੀ ਵਧਦੀ ਹੈ। ਵਿਹਲੇ ਸਮੇਂ ਵਿੱਦਿਆ ਪੜ੍ਹਨ ਦਾ ਮੁੱਖ ਉਪਯੋਗ ਉਸ ਦੁਆਰਾ ਅਨੰਦ ਪ੍ਰਾਪਤ ਕਰਨ ਵਿੱਚ ਹੁੰਦਾ ਹੈ। ਵਿੱਦਿਆ ਪੜ੍ਹਨ ਨਾਲ਼ ਮਨੁੱਖ ਦੇ ਸੁਭਾਵਿਕ ਗੁਣ ਹੋਰ ਵਿਕਸਿਤ ਹੁੰਦੇ ਹਨ ਅਤੇ ਅਨੁਭਵ ਨਾਲ਼ ਖ਼ੁਦ ਵਿੱਦਿਆ ਦਾ ਅਭਿਆਸ ਪੂਰਨਤਾ ਨੂੰ ਪਹੁੰਚਦਾ ਹੈ। ਮਨੁੱਖ ਦੀ ਸੁਭਾਵਿਕ ਬੁੱਧ ਆਪਣੇ-ਆਪ ਉੱਗਣ ਵਾਲ਼ੇ ਬੂਟਿਆਂ ਵਾਂਗ ਹੈ। ਇਸ ਤਰ੍ਹਾਂ ਦੇ ਬੂਟਿਆਂ ਨੂੰ ਛਾਂਗਣ ਨਾਲ਼ ਜਿਸ ਤਰ੍ਹਾਂ ਉਹ ਵਧੇਰੇ ਬਲਵਾਨ ਹੁੰਦੇ ਹਨ, ਉਸੇ ਤਰ੍ਹਾਂ ਦਾ ਕੰਮ ਵਿੱਦਿਆ ਕਰਦੀ ਹੈ। ਵਿੱਦਿਆ ਪੜ੍ਹਨ ਨਾਲ਼ ਕਈ ਤਰ੍ਹਾਂ ਦੇ ਨਿਯਮ ਪਤਾ ਚੱਲਦੇ ਹਨ ਪਰੰਤੂ ਕਿਸੇ ਨਿਯਮ ਨੂੰ ਕਿੱਥੇ ਅਤੇ ਕਿਸ ਤਰ੍ਹਾਂ ਕੰਮ ਵਿੱਚ ਲਿਆਉਣਾ ਚਾਹੀਦਾ ਹੈ, ਇਹ ਅਨੁਭਵ ਨਾਲ਼ ਹੀ ਸਮਝ ਵਿੱਚ ਆਉਂਦਾ ਹੈ। ਮੂਰਖ ਲੋਕ ਵਿੱਦਿਆ ਦਾ ਨਿਰਾਦਰ ਕਰਦੇ ਹਨ ਅਤੇ ਬੁੱਧੀਮਾਨ ਲੋਕ ਉਸ ਨੂੰ ਕੰਮ ਵਿੱਚ ਲਿਆਉਂਦੇ ਹਨ। ਵਿੱਦਿਆ ਦਾ ਉਪਯੋਗ ਕਿਸ ਤਰ੍ਹਾਂ ਕਰਨਾ ਚਾਹੀਦਾ ਹੈ? ਇਹ ਗੱਲ ਕੇਵਲ ਪੜ੍ਹਨ ਨਾਲ਼ ਹੀ ਨਹੀਂ ਜਾਣੀ ਜਾ ਸਕਦੀ, ਇਸ ਨੂੰ ਜਾਣਨ ਲਈ ਵਿੱਦਿਆ ਦੇ ਨਾਲ਼-ਨਾਲ਼ ਬੁੱਧੀ ਦੀ ਵੀ ਲੋੜ ਪੈਂਦੀ ਹੈ ਕਿਉਂਕਿ ਵਿੱਦਿਆ ਦਾ ਵਿਕਾਸ ਅਨੁਭਵ ਨਾਲ਼ ਹੁੰਦਾ ਹੈ। ਇਸ ਲਈ ਉਸ ਨੂੰ ਵਰਤੋਂ ਵਿੱਚ ਲਿਆਉਣ ਲਈ ਅਨੁਭਵ ਪ੍ਰਾਪਤ ਕਰਨਾ ਵੀ ਬਹੁਤ ਜ਼ਰੂਰੀ ਹੁੰਦਾ ਹੈ।

**6.** ਸਮਾਂ ਇੱਕ ਮਹਾਨ ਖ਼ਜ਼ਾਨਾ ਹੈ। ਅਮਰੀਕਾ, ਜਪਾਨ ਵਿੱਚ ਮੀਂਹ ਹੋਵੇ, ਹਨੇਰੀ ਹੋਵੇ, ਠੰਢ ਹੋਵੇ, ਗਰਮੀ ਹੋਵੇ, ਅੱਠ ਘੰਟੇ ਹਰ ਕੋਈ ਡਟ ਕੇ ਕੰਮ ਕਰਦਾ ਹੈ। ਦਫ਼ਤਰਾਂ ਵਿੱਚ, ਖੇਤਾਂ ਵਿੱਚ, ਕਾਰਖ਼ਾਨਿਆਂ ਵਿੱਚ ਵਿਸ਼ੇਸ਼ ਛੁੱਟੀਆਂ ਸਾਲ ਵਿੱਚ ਮਸਾਂ ਚਾਰ-ਪੰਜ ਹੁੰਦੀਆਂ ਹਨ। ਸਾਡੇ ਦੇਸ ਵਿੱਚ ਕਿੰਨੀਆਂ ਹੀ ਛੁੱਟੀਆਂ, ਕਿੰਨੇ ਥੋੜ੍ਹੇ ਘੰਟੇ ਕੰਮ, ਕਿੰਨਾ ਬੇਦਿਲਾ ਕੰਮ ਤੇ ਫੇਰ ਸਵੇਰੇ-ਸ਼ਾਮ ਧਾਰਮਿਕ ਸਥਾਨਾਂ ਵਿੱਚ ਸ਼ਰਧਾਲੂਆਂ ਦੇ ਇਕੱਠ, ਸਾਧੂਆਂ ਦੀ ਨਿੱਤ-ਫੇਰੀ, ਮਰਨੇ-ਜੰਮਣੇ ਤੇ ਵਿਆਹ ਆਦਿ। ਕਿਸੇ ਹੋਰ ਦੇਸ ਵਿੱਚ ਇਹਨਾਂ ਗੱਲਾਂ ਉੱਤੇ ਸਮਾਂ ਬਰਬਾਦ ਨਹੀਂ ਕੀਤਾ ਜਾਂਦਾ। ਲਾਊਡਸਪੀਕਰਾਂ ਉੱਤੇ ਦਿਨ-ਰਾਤ ਧਰਮ ਦੀ ਥਾਂ ਵਹਿਮ-ਭਰਮ ਜ਼ਿਆਦਾ ਪ੍ਰਚਾਰੇ ਜਾਂਦੇ ਹਨ। ਹੋਰਨਾਂ ਦੇਸਾਂ ਵਿੱਚ ਭਾਵੇਂ ਕਿੰਨੀ ਵੀ ਬਰਫ਼ ਜੰਮੀ ਹੋਵੇ, ਕਾਮੇ ਪੂਰੇ ਅੱਠ ਵਜੇ ਆਪਣੇ ਕੰਮ ਉੱਤੇ ਪਹੁੰਚ ਜਾਂਦੇ ਹਨ। ਬਾਰਾਂ ਵਜੇ ਤੱਕ

ਡਟ ਕੇ ਕੰਮ ਕੀਤਾ ਜਾਂਦਾ ਹੈ। ਕੰਮ ਦੇ ਸਮੇਂ ਵਿਚਕਾਰ ਇੱਕ ਘੰਟਾ ਖਾਣਾ ਖਾ ਕੇ ਫਿਰ ਪੰਜ ਵਜੇ ਤੱਕ ਅਣਥੱਕ ਮਿਹਨਤ ਕੀਤੀ ਜਾਂਦੀ ਹੈ। ਇਸ ਕਾਰਨ ਕਿਹਾ ਜਾ ਸਕਦਾ ਹੈ ਕਿ ਉੱਥੇ ਕੰਮ-ਸੱਭਿਆਚਾਰ ਪ੍ਰਫੁਲਿਤ ਹੋ ਚੁੱਕਾ ਹੈ। ਇਹੀ ਕਾਰਨ ਹੈ ਕਿ ਉਹਨਾਂ ਦੀ ਪੈਦਾਵਾਰ ਸਾਡੇ ਨਾਲੋਂ ਕਈ ਗੁਣਾ ਵਧੇਰੇ ਹੁੰਦੀ ਹੈ।

**ਹੇਠ ਲਿਖੇ ਮੁਹਾਵਰਿਆਂ ਨੂੰ ਵਾਕਾਂ ਵਿੱਚ ਇਸ ਤਰ੍ਹਾਂ ਵਰਤੋ ਕਿ ਅਰਥ ਸਪਸ਼ਟ ਹੋ ਜਾਣ:**

- ਉੱਚਾ ਸਾਹ ਨਾ ਕੱਢਣਾ:
- ਅਲੂਣੀ ਸਿਲ਼ ਚੱਟਣਾ:
- ਈਨ ਮੰਨਣਾ:
- ਹੱਡ ਭੰਨ ਕੇ ਕੰਮ ਕਰਨਾ:
- ਹੱਥ ਵਿਖਾਉਣਾ:
- ਸੁੱਤੀ ਕਲਾ ਜਗਾਉਣਾ:
- ਖ਼ੂਨ ਸਫ਼ੈਦ ਹੋਣਾ:
- ਟਕੇ ਵਰਗਾ ਜਵਾਬ ਦੇਣਾ:
- ਨੱਕ ਨਕੇਲ ਪਾਉਣਾ:
- ਡੰਡੇ ਵਜਾਉਣਾ:
- ਧੌਲ਼ਿਆਂ ਦੀ ਲਾਜ ਰੱਖਣਾ:
- ਪੱਲੇ ਬੰਨ੍ਹ ਲੈਣਾ:
- ਬੰਨ੍ਹ ਕੇ ਖੀਰ ਖੁਆਉਣਾ:
- ਰਾਈ ਦਾ ਪਹਾੜ ਬਣਾਉਣਾ:
- ਰੰਗ ਵਿੱਚ ਭੰਗ ਪਾਉਣਾ:
- ਲੋਹਾ ਮੰਨਣਾ:
- ਵਾਲ਼ ਵਿੰਗਾ ਨਾ ਹੋਣਾ:
- ਜ਼ਖ਼ਮਾਂ ਉੱਤੇ ਲੂਣ ਛਿੜਕਣਾ:

## ਵਿਸਰਾਮ-ਚਿੰਨ੍ਹ ਲਗਾਓ:

1. ਇੱਕ ਸਿੱਖ ਨੇ ਆ ਕੇ ਗੁਰੂ ਨਾਨਕ ਦੇਵ ਜੀ ਤੋਂ ਪੁੱਛਿਆ ਪਾਤਸ਼ਾਹ ਮੈਂ ਬਾਣੀ ਤਾਂ ਹਰ ਰੋਜ਼ ਪੜ੍ਹਦਾ ਹਾਂ ਸਿਮਰਨ ਵੀ ਕਰਨ ਦਾ ਜਤਨ ਕਰਦਾ ਰਹਿੰਦਾ ਹਾਂ ਪਰ ਮਨ ਫਿਰ ਵੀ ਭਟਕਦਾ ਫਿਰਦਾ ਹੈ ਅਜੇ ਤੱਕ ਸ਼ਾਂਤੀ ਨਹੀਂ ਮਿਲੀ
2. ਸ਼ਾਮ ਨੂੰ ਮਹਿੰਦਰ ਸਕੂਲੋਂ ਆਇਆ ਤਾਂ ਸਵਰਨੋ ਨੇ ਦੂਰੋਂ ਵੇਖ ਕੇ ਆਖਿਆ ਮਿੰਦਰ ਕੀ ਲਿਆਇਆ ਏਂ ਮੁੰਡੇ ਵਾਸਤੇ ਉਹਦਾ ਤਾਂ ਦਾਰ ਜੀ ਦਾਰ ਜੀ ਕਰਦੇ ਦਾ ਮੂੰਹ ਵੀ ਸੁੱਕ ਗਿਆ ਏ
3. ਅਕਲ ਕਰ ਓਏ ਇੰਦਰਾ ਕਿਉਂ ਇੱਥੋਂ ਘਰ ਉਜਾੜਦੇ ਜੇ ਕਿਉਂ ਸਾਰੀ ਸ਼ਰੀਕਾਂ ਦੇ ਸਾਂਭਣ ਜੋਗੀ ਛੱਡਦੇ ਜੇ ਸੰਤਾ ਸਿੰਘ ਨੇ ਦੋਵੇਂ ਬਾਂਹੀਂ ਉੱਚੀਆਂ ਚੁੱਕ ਕੇ ਕਿਹਾ ਰੌਲਾ ਸੁਣ ਕੇ ਉਹ ਰੋਟੀ ਖਾਂਦਾ ਵਿੱਚੇ ਛੱਡ ਕੇ ਏਧਰ ਨੂੰ ਭੱਜ ਉੱਠਾ ਸੀ
4. ਕੀ ਹੋਇਆ ਕੁੜੇ ਕਹਿੰਦੀ ਹੋਈ ਭੂਆ ਆਪਣੀ ਡੰਗੋਰੀ ਖੜਕਾਉਂਦੀ ਹੋਈ ਮੇਰੇ ਪਾਸ ਆ ਪੁੱਜੀ ਕੁਝ ਨਹੀਂ ਦੁੱਧ ਡੁੱਲ੍ਹ ਗਿਆ ਏ ਨੂੰਹ ਨੇ ਸ਼ਰਮਿੰਦਗੀ ਭਰੀ ਅਵਾਜ਼ ਵਿੱਚ ਕਿਹਾ
5. ਉਹਨਾਂ ਨੇ ਆਪਣੀ ਪਤਨੀ ਨੂੰ ਅਵਾਜ਼ ਦਿੱਤੀ ਭਾਗੋ ਜੀ ਸੈਲਾਨੀ ਪਰਿਵਾਰ ਆਇਆ ਹੈ ਇਹਨਾਂ ਲਈ ਚਾਹ ਤਿਆਰ ਕਰੋ ਇੱਕ ਬਿਰਧ ਪਰ ਨਰੋਏ ਸਰੀਰ ਦੀ ਹਸੂੰ ਹਸੂੰ ਕਰਦੀ ਬੀਬੀ ਬਾਹਰ ਆਈ ਤੇ ਕਹਿਣ ਲੱਗੀ ਆਪਣੇ ਘਰ ਸੱਜਣ ਆਉਣ ਤਾਂ ਕਿਉਂ ਨਾ ਚਾਹ ਪਿਆਈਏ ਚਾਹ ਹੁਣੇ ਛਿਣਾਂ ਪਲਾਂ ਚ ਤਿਆਰ ਹੋ ਜਾਂਦੀ ਹੈ।
6. ਕਿਤਾਬਾਂ ਦੀ ਦੁਕਾਨ ਚ ਵੜਦਿਆਂ ਦੁਕਾਨ ਵਾਲੇ ਨੂੰ ਸੰਬੋਧਨ ਹੋ ਕੇ ਯੁਵੀ ਬੋਲਿਆ ਅੰਕਲ ਉਹ ਉੱਡਣਾ ਸਿੱਖ ਮਿਲਖਾ ਸਿੰਘ ਕਿਤਾਬ ਕਿਤਿਓਂ ਮਿਲੀ ਕਿ ਨਹੀਂ ਮੈਂ ਪਿਛਲੀ ਵਾਰ ਵੀ ਤੁਹਾਨੂੰ ਕਿਹਾ ਸੀ ਕਿ ਮੰਗਵਾ ਦਿਓ ਯਾਦ ਨਹੀਂ ਰਿਹਾ ਮੈਂ ਐਸ ਹਫ਼ਤੇ ਹੀ ਮੰਗਵਾ ਦਿਆਂਗਾ ਡਾਇਰੀ ਚ ਨੋਟ ਕਰ ਲੈਂਦਾ ਹਾਂ
7. ਹਾਏ ਮੇਰੀਆਂ ਸਾਰੀਆਂ ਆਸਾਂ ਤੇ ਪਾਣੀ ਫਿਰ ਗਿਆ ਰੋਂਦੀ ਹੋਈ ਕੁੜੀ ਨੇ ਕਿਹਾ
8. ਵਿਦਿਆਰਥੀਓ ਜਿਵੇਂ ਕਿ ਮੈਂ ਪਹਿਲਾਂ ਕਈ ਵਾਰੀ ਕਿਹਾ ਹੈ ਸਖ਼ਤ ਮਿਹਨਤ ਚੰਗੇ ਆਚਰਨ ਦੀ ਬੁਨਿਆਦ ਬਣਦੀ ਹੈ ਅਧਿਆਪਕ ਨੇ ਵਿਦਿਆਰਥੀਆਂ ਨੂੰ ਸਮਝਾਉਂਦੇ ਹੋਏ ਕਿਹਾ
9. ਨਾਵਲ ਇੱਕ ਹੋਰ ਨਵਾਂ ਸਾਲ ਜੋ ਕਿ ਨਰਿੰਜਨ ਤਸਨੀਮ ਦਾ ਲਿਖਿਆ ਹੋਇਆ ਹੈ ਪੰਜਾਬੀ ਦੇ ਕੋਰਸ ਵਿੱਚ ਲੱਗਿਆ ਹੋਇਆ ਹੈ ਅਧਿਆਪਕ ਨੇ ਵਿਦਿਆਰਥੀਆਂ ਨੂੰ ਸਮਝਾਉਂਦੇ ਹੋਏ ਕਿਹਾ
10. ਰੋਟੀ ਟੁੱਕ ਤਿਆਰ ਕਰਨ ਚ ਹੋਰ ਕਿੰਨਾ ਸਮਾਂ ਲੱਗੇਗਾ ਕੈਤੋਂ ਮੁੜੇ ਪਿਆਰਾ ਸਿੰਘ ਨੇ ਕਿਹਾ
11. ਅੱਛਾ ਤਾਂ ਤੇਰੇ ਮਾਤਾ ਜੀ ਵੀ ਐੱਮ ਏ ਹਨ ਨੇਹਾ ਨੇ ਰਾਧਿਕਾ ਨੂੰ ਹੈਰਾਨ ਹੋ ਕੇ ਕਿਹਾ
12. ਖ਼ਬਰਦਾਰ ਜੇ ਮੇਰੀ ਗੇਂਦ ਨੂੰ ਹੱਥ ਲਾਇਆ ਜੀਤੀ ਨੇ ਕੜਕ ਕੇ ਕਿਹਾ
13. ਬੱਲੇ-ਬੱਲੇ ਬਾਹਰ ਸੂਰਜ ਕਿੰਨਾ ਚੜ੍ਹ ਆਇਐ ਬੂਹਾ ਖੋਲ੍ਹਦੇ ਹੋਏ ਸੁਮਿੱਤਰਾ ਨੇ ਕਿਹਾ
14. ਆਹ ਕਿੰਨਾ ਚਲਾਕ ਬਣਦੈ ਇਹ ਵਾਰੀ ਮੇਰੀ ਏ ਪ੍ਰੀਤੀ ਨੇ ਕਿਹਾ
15. ਹਾਏ ਬਾਪੂ ਜੀ ਕੰਡਾ ਚੁਭਦਿਆਂ ਹੀ ਹਰਜੀਤ ਨੇ ਚੀਕਦਿਆਂ ਕਿਹਾ ਪ੍ਰੀਤੀ ਨੇ ਕਿਹਾ

**ਲਿੰਗ ਅਤੇ ਵਚਨ ਬਦਲ ਕੇ ਵਾਕ ਦੁਬਾਰਾ ਲਿਖੋ:**

1. ਚੰਗੇ ਬੱਚੇ ਮਾਪਿਆਂ ਦਾ ਨਾਂ ਦੁਨੀਆ ਵਿੱਚ ਰੋਸ਼ਨ ਕਰਦੇ ਹਨ।
2. ਕਾਲ਼ਾ ਘੋੜਾ ਤੇਜ਼ ਦੌੜੇਗਾ।
3. ਗਭਰੂ ਭੰਗੜਾ ਪਾਉਂਦੇ ਹਨ।
4. ਕੁੜੀਆਂ ਗੀਤ ਗਾਉਂਦੀਆਂ ਹਨ।
5. ਹਾਥੀ ਜੰਗਲ਼ ਵਿੱਚ ਰਹਿੰਦਾ ਹੈ।

**ਬਰੈਕਟ ਵਿੱਚ ਦੱਸੇ ਅਨੁਸਾਰ ਕਾਲ ਬਦਲੋ:**

1. ਮੁੰਡਾ ਗੀਤ ਗਾ ਰਿਹਾ ਹੈ। (ਭੂਤਕਾਲ ਅਤੇ ਭਵਿਖ ਕਾਲ)
2. ਸਿਮਰਨ ਜਰ-ਰੋਜ਼ ਸਕੂਲ ਜਾਂਦੀ ਹੈ। (ਭੂਤਕਾਲ ਅਤੇ ਭਵਿਖ ਕਾਲ)
3. ਕੋਮਲ ਕਿਤਾਬ ਪੜ੍ਹਦੀ ਸੀ। (ਵਰਤਮਾਨ ਅਤੇ ਭਵਿਖ ਕਾਲ)
4. ਅਸੀਂ ਕੱਲ੍ਹ ਸ਼ਹਿਰ ਜਾਵਾਂਗੇ। (ਭੂਤਕਾਲ ਅਤੇ ਵਰਤਮਾਨ ਕਾਲ)
5. ਮਾਤਾ ਰੋਟੀ ਪਕਾ ਰਹੇ ਸਨ। (ਵਰਤਮਾਨ ਅਤੇ ਭਵਿਖ ਕਾਲ)

**ਹੇਠ ਲਿਖੇ ਸ਼ਬਦਾਂ ਨੂੰ ਵਾਕਾਂ ਵਿੱਚ ਇਸ ਤਰ੍ਹਾਂ ਵਰਤੋਂ ਕਿ ਹਰ ਇੱਕ ਦੇ ਤਿੰਨ-ਤਿੰਨ ਵੱਖਰੇ ਅਰਥ ਸਪਸ਼ਟ ਹੋ ਜਾਣ:**

ਸੂਤ:

ਕੋਟ:

ਦੌਰਾ:

ਫੁੱਲ:

ਮਾਰ:

ਵਾਰ:

ਵੇਲ:

## ਹੇਠਾਂ ਦਿੱਤੇ ਸ਼ਬਦਾਂ ਵਿੱਚੋਂ ਸਮਾਨਾਰਥਕ ਸ਼ਬਦਾਂ ਦੇ ਗੁੱਟ ਬਣਾਓ:

ਉਜਾਲਾ:

ਉਪਕਾਰ:

ਅਨਾਥ:

ਦੌਲਤਮੰਦ:

ਰੋਸ਼ਨੀ:

ਮਿਹਰਬਾਨੀ:

ਯਤੀਮ:

ਧਨਾਢ:

ਪ੍ਰਕਾਸ਼:

ਨੇਕੀ:

ਬੇਸਹਾਰਾ:

ਧਨਵਾਨ:

ਲੋਅ:

ਅਮੀਰ:

ਚਾਨਣ:

## ਹੇਠਾਂ ਦਿੱਤੇ ਸ਼ਬਦਾਂ ਦੇ ਦੋ-ਦੋ ਸਮਾਨਾਰਥਕ ਸ਼ਬਦ ਲਿਖੋ:

ਇਸਤਰੀ:

ਸੰਕੋਚ:

ਖ਼ੁਸ਼ੀ;

ਜਿਸਮ

ਬਹਾਦਰ :

ਦੋਸਤੀ:

**ਹੇਠਾਂ ਦਿੱਤੇ ਬਹੁਤੇ ਸ਼ਬਦਾਂ (ਵਾਕਾਂਸ਼ਾਂ) ਦੀ ਥਾਂ ਇੱਕ-ਇੱਕ ਢੁਕਵਾਂ ਸ਼ਬਦ ਲਿਖੋ:**

- ਜੋ ਕਦੇ ਨਾ ਥੱਕੇ:
- ਆਪਣੇ ਜੀਵਨ ਦਾ ਹਾਲ:
- ਕਿਸੇ ਲੇਖਕ ਜਾਂ ਕਲਾਕਾਰ ਦੀ ਸਭ ਤੋਂ ਉੱਤਮ ਰਚਨਾ:
- ਜੋ ਧੋਖਾ ਦੇਵੇ ਅਤੇ ਔਖੇ ਵੇਲੇ ਸਾਥ ਛੱਡ ਜਾਵੇ:
- ਮੌਤ ਪਿੱਛੋਂ ਆਇਆ ਮੌਤ ਦਾ ਸਲਾਨਾ ਦਿਨ:

**ਵਿਰੋਧਾਰਥਕ ਸ਼ਬਦ ਲਿਖੋ:**

ਸੁਆਰਨਾ:

ਜਗਣਾ:

ਸੁਖਾਂਤ:

ਚੰਗਿਆਈ:

ਸਾਪ:

ਹਰਾਮ:

ਸੰਘਣਾ:

ਬੇਹਾ:

ਆਸਤਿਕ:

ਗੁਪਤ:

ਤਿੱਖਾ:

ਬਰੀਕ:

ਦੁਰਾਚਾਰ:

ਕੁਚੱਜਾ:

## ਨਮੂਨਾ ਪ੍ਰਸ਼ਨ-ਪੱਤਰ 1

### ਜਮਾਤ: ਦਸਵੀਂ ਪੇਪਰ: ਪੰਜਾਬੀ 'ਏ'

**ਸਮਾਂ: 3 ਘੰਟੇ** **ਕੁੱਲ ਅੰਕ: 65**

**ਨੋਟ:** 1. ਪ੍ਰਸ਼ਨ-ਪੱਤਰ ਦੇ ਕੁੱਲ 10 ਪ੍ਰਸ਼ਨ ਹਨ।

2. ਸਾਰੇ ਪ੍ਰਸ਼ਨ ਜ਼ਰੂਰੀ ਹਨ।

3. ਵਸਤੂਨਿਸ਼ਠ ਪ੍ਰਸ਼ਨ ਦੇ ਤਿੰਨ ਭਾਗ (ੳ), (ਅ), ਅਤੇ (ੲ) ਹਨ।

ਭਾਗ (ੳ) ਵਿੱਚ ਸਾਹਿਤ-ਮਾਲ਼ਾ: 10 ਪਾਠ-ਪੁਸਤਕ ਵਿੱਚੋਂ ਦੋ ਪ੍ਰਸ਼ਨ ਕਾਵਿ-ਭਾਗ ਅਤੇ ਦੋ ਪ੍ਰਸ਼ਨ ਵਾਰਤਕ ਭਾਗ ਵਿੱਚੋਂ ਹੋਣਗੇ, ਭਾਗ (ਅ) ਵਿੱਚ ਵੰਨਗੀ ਪਾਠ-ਪੁਸਤਕ ਦੇ ਦੋ ਪ੍ਰਸ਼ਨ ਕਹਾਣੀ ਭਾਗ ਅਤੇ ਦੋ ਪ੍ਰਸ਼ਨ ਇਕਾਂਗੀ ਭਾਗ ਵਿੱਚੋਂ ਹੋਣਗੇ ਅਤੇ (ੲ) ਭਾਗ ਵਿੱਚ ਦੋ ਪ੍ਰਸ਼ਨ ਨਾਵਲ ਪਾਠ-ਪੁਸਤਕ ਵਿੱਚੋਂ ਹੋਣਗੇ। ਵਸਤੂਨਿਸ਼ਠ ਪ੍ਰਸ਼ਨਾਂ ਦੀ ਕੁੱਲ ਗਿਣਤੀ 10 ਹੋਵੇਗੀ।

**1. ਵਸਤੂਨਿਸ਼ਠ ਪ੍ਰਸ਼ਨ:** **ਅੰਕ: 20**

**ਭਾਗ-ੳ** **4×2=8**

(ੳ) 'ਪਵਣੁ ਗੁਰੂ ਪਾਣੀ ਪਿਤਾ' ਸ਼ਬਦ ਵਿੱਚ ਹਵਾ ਨੂੰ ਕਿਸ ਦੇ ਬਰਾਬਰ ਮੰਨਿਆ ਗਿਆ ਹੈ?

(ਅ) ਰਾਂਝੇ ਦੇ ਭਰਾਵਾਂ ਨੇ ਰਾਂਝੇ ਨੂੰ ਕਿਹੋ-ਜਿਹੀ ਜ਼ਮੀਨ ਦਿੱਤੀ?

(ੲ) 'ਤੁਰਨ ਦਾ ਹੁਨਰ' ਲੇਖ ਕਿਸ ਲੇਖਕ ਦੀ ਰਚਨਾ ਹੈ?

(ਸ) ਮਨੁੱਖ ਦੀ ਆਤਮਾ ਦਾ ਵਧੀਆ-ਘਟੀਆ ਹੋਣਾ ਕਿੱਥੋਂ ਦਿਸ ਪੈਂਦਾ ਹੈ?

**ਭਾਗ-ਅ** **4×2=8**

(ਹ) ਬਲਵੰਤ ਰਾਏ ਨੂੰ ਵਲਾਇਤ ਰਹਿੰਦਿਆਂ ਕਿੰਨੇ ਸਾਲ ਹੋ ਗਏ ਸਨ?

(ਕ) ਕਾਕਾ ਅਸਮਾਨ ਦੇ ਤਾਰਿਆਂ ਨੂੰ ਕੀ ਸਮਝਦਾ ਸੀ?

(ਖ) 'ਜ਼ਫ਼ਰਨਾਮਾ' ਇਕਾਂਗੀ ਦੇ ਇਕਾਂਗੀਕਾਰ ਦਾ ਨਾਂ ਲਿਖੋ।

(ਗ) ਕੀ ਪੜ੍ਹ ਕੇ ਔਰੰਗਜ਼ੇਬ ਪਛਤਾਵੇ ਨਾਲ਼ ਭਰ ਗਿਆ?

**ਭਾਗ-ੲ** **2×2=4**

(ਘ) ਬੰਤਾ ਤਾਰੋ ਨੂੰ ਕੀ ਕਹਿ ਕੇ ਬੁਲਾਉਂਦਾ ਹੈ?

(ਙ) ਬਚਪਨ ਵਿੱਚ ਬੰਤਾ ਕਿਸ ਕੋਲ਼ੋਂ ਬਾਤਾਂ ਸੁਣਨ ਦਾ ਅਨੰਦ ਲੈਂਦਾ ਸੀ?

**2. ਹੇਠ ਲਿਖੇ ਕਾਵਿ-ਬੰਦਾਂ ਵਿੱਚੋਂ ਕਿਸੇ ਇੱਕ ਦੀ ਪ੍ਰਸੰਗ ਸਹਿਤ ਵਿਆਖਿਆ ਲਗ-ਪਗ 150 ਸ਼ਬਦਾਂ ਵਿੱਚ ਲਿਖੋ:**

(ੳ) ਤੂੰ ਮੇਰਾ ਪਿਤਾ ਤੂੰ ਹੈ ਮੇਰਾ ਮਾਤਾ॥ **2+3=5**

ਤੂੰ ਮੇਰਾ ਬੰਧਪੁ ਤੂੰ ਮੇਰਾ ਭ੍ਰਾਤਾ॥

ਤੂੰ ਮੇਰਾ ਰਾਖਾ ਸਭਨੀ ਥਾਈ ਤਾਂ ਭਉ ਕੇਹਾ ਕਾੜਾ ਜੀਉ॥

ਤੁਮਰੀ ਕ੍ਰਿਪਾ ਤੇ ਤੁਧੁ ਪਛਾਣਾ॥

(ਅ) ਲੱਖ ਨਗਾਰੇ ਵੱਜਨ ਆਮ੍ਹੋ ਸਾਮ੍ਹਣੇ॥

ਰਾਕਸ ਰਣੋ ਨ ਭੱਜਣ ਰੋਹੇ ਰੋਹਲੇ॥

ਸੀਹਾਂ ਵਾਂਗੂ ਗੱਜਣ ਸੱਭੇ ਸੂਰਮੇ॥

ਤਣਿ ਤਣਿ ਕੈਬਰ ਛੱਡਨ ਦੁਰਗਾ ਸਾਮ੍ਹਣੇ॥

**3. ਹੇਠ ਲਿਖੀਆਂ ਕਵਿਤਾਵਾਂ ਵਿੱਚੋਂ ਕਿਸੇ ਇੱਕ ਕਵਿਤਾ ਦਾ ਕੇਂਦਰੀ ਭਾਵ ਲਗ-ਪਗ 40 ਸ਼ਬਦਾਂ ਵਿੱਚ ਲਿਖੋ:**

(ੳ) ਪਵਣੁ ਗੁਰੂ ਪਾਣੀ ਪਿਤਾ (ਗੁਰੂ ਨਾਨਕ ਦੇਵ ਜੀ) **4**

(ਅ) ਮਾਂ-ਪੁੱਤ ਦਾ ਮੇਲ਼ (ਕਾਦਰਯਾਰ)

**4. ਹੇਠ ਲਿਖੇ ਵਾਰਤਕ ਲੇਖਾਂ ਵਿੱਚੋਂ ਕਿਸੇ ਇੱਕ ਲੇਖ ਦਾ ਸਾਰ ਲਗ-ਪਗ 150 ਸ਼ਬਦਾਂ ਵਿੱਚ ਲਿਖੋ:**

(ੳ) ਰਬਾਬ ਮੰਗਾਉਨ ਦਾ ਵਿਰਤਾਂਤ (ਗਿਆਨੀ ਦਿੱਤ ਸਿੰਘ) **6**

(ਅ) ਪ੍ਰਾਰਥਨਾ (ਡਾ. ਬਲਬੀਰ ਸਿੰਘ)

**5. ਵਾਰਤਕ ਲੇਖਾਂ ਦੇ ਹੇਠ ਲਿਖੇ ਅਭਿਆਸੀ ਪ੍ਰਸ਼ਨਾਂ ਵਿੱਚੋਂ ਕੋਈ ਦੋ ਪ੍ਰਸ਼ਨਾਂ ਦੇ ਉੱਤਰ ਆਪਣੀ ਪਾਠ-**

**ਪੁਸਤਕ ਦੇ ਆਧਾਰ 'ਤੇ ਲਿਖੋ:** **2×2=4**

(ੳ) ਆਮ ਲੋਕ ਗੁਰੂ ਨਾਨਕ ਦੇਵ ਜੀ ਬਾਰੇ ਕੀ ਕੁਝ ਕਹਿੰਦੇ ਸਨ?

(ਅ) ਪ੍ਰਾਰਥਨਾ ਕਰਨ ਨਾਲ਼ ਕੈਦੀ ਦੇ ਵਿਹਾਰ ਵਿੱਚ ਕਿਹੋ-ਜਿਹੀ ਤਬਦੀਲੀ ਆਈ?

(ੲ) ਕਾਲੀਦਾਸ ਨੂੰ ਹਰ ਪ੍ਰਾਂਤ ਤੇ ਜਾਤੀ ਦੇ ਲੋਕ ਆਪਣਾ ਕਿਉਂ ਦੱਸਦੇ ਹਨ?

(ਸ) ਛਾਪੇ ਪਿੰਡ ਵਾਲ਼ਿਆਂ ਨੇ ਲੇਖਕ ਦੇ ਵਡੇਰਿਆਂ ਤੋਂ ਨਾਤਾ ਕਿਉਂ ਤੋੜ ਲਿਆ?

**6. ਹੇਠ ਲਿਖੀਆਂ ਕਹਾਣੀਆਂ ਵਿੱਚੋਂ ਕਿਸੇ ਇੱਕ ਕਹਾਣੀ ਦਾ ਸਾਰ ਲਗ-ਪਗ 150 ਸ਼ਬਦਾਂ ਵਿੱਚ ਲਿਖੋ:**

(ੳ) ਕੁਲਫ਼ੀ (ਸੁਜਾਨ ਸਿੰਘ) **6**

(ਅ) ਅੰਗ-ਸੰਗ (ਵਰਿਆਮ ਸੰਧੂ)

**7. ਕਹਾਣੀਆਂ ਦੇ ਹੇਠ ਲਿਖੇ ਅਭਿਆਸੀ ਪ੍ਰਸ਼ਨਾਂ ਵਿੱਚੋਂ ਕੋਈ ਦੋ ਪ੍ਰਸ਼ਨਾਂ ਦੇ ਉੱਤਰ ਆਪਣੀ ਪਾਠ-ਪੁਸਤਕ ਦੇ ਆਧਾਰ 'ਤੇ ਲਿਖੋ:** **2×2=4**

(ੳ) ਲੇਖਕ, ਕੁਲਫ਼ੀ ਕਹਾਣੀ ਵਿੱਚ ਕੀ ਸੰਦੇਸ਼ ਦੇਣਾ ਚਾਹੁੰਦਾ ਹੈ?

(ਅ) ਮਾਸੀ ਇੰਗਲੈਂਡ ਤੋਂ ਇੰਡੀਆ ਨੂੰ ਮੁੜ ਕਿਉਂ ਪਰਤ ਆਉਣਾ ਚਾਹੁੰਦੀ ਹੈ?

(ੲ) ਕਰਤਾਰ ਸਿੰਘ ਦੇ ਛੋਟੀ ਉਮਰੇ ਹੀ ਦੁਨੀਆ ਤੋਂ ਤੁਰ ਜਾਣ ਦੇ ਕੀ ਕਾਰਨ ਸਨ?

(ਸ) ਬੰਮ ਨੂੰ ਮਾਤਾ ਦੀਨ ਨਾਲ਼ ਕਿਸ ਗੱਲੋਂ ਈਰਖਾ ਸੀ?

**8. ਹੇਠ ਲਿਖੇ ਪਾਤਰਾਂ ਵਿੱਚੋਂ ਕਿਸੇ ਇੱਕ ਪਾਤਰ ਦਾ ਪਾਤਰ-ਚਿਤਰਨ ਲਗ-ਪਗ 125 ਸ਼ਬਦਾਂ ਵਿੱਚ ਲਿਖੋ:** **5**

(ੳ) ਪੁੱਤਰ (ਇਕਾਂਗੀ: ਨਾਇਕ)

(ਅ) ਔਰੰਗਜ਼ੇਬ (ਇਕਾਂਗੀ: ਜ਼ਫ਼ਰਨਾਮਾ)

**9. ਹੇਠ ਲਿਖੀਆਂ ਵਾਰਤਾਲਾਪਾਂ ਵਿੱਚੋਂ ਕਿਸੇ ਇੱਕ ਵਾਰਤਾਲਾਪ ਦੇ ਪ੍ਰਸ਼ਨਾਂ ਦੇ ਉੱਤਰ ਲਿਖੋ:** **3×2=6**

(ੳ) ਇੱਕ ਚੌਕ 'ਚ ਖੜ੍ਹਾ ਸਿਪਾਹੀ ਹਰ ਇੱਕ ਕਾਰ ਵਾਲ਼ੇ ਨੂੰ ਰੋਕ ਸਕਦਾ ਏ ਪਰ ਇਹਦਾ ਇਹ ਮਤਲਬ ਨਹੀਂ ਕਿ ਉਹਦਾ ਰੁਤਬਾ ਕਾਰ ਵਾਲ਼ਿਆਂ ਨਾਲ਼ੋਂ ਉੱਚਾ ਹੈ।

ਪ੍ਰਸ਼ਨ:

1) ਇਹ ਵਾਰਤਾਲਾਪ ਕਿਸ ਇਕਾਂਗੀ ਵਿੱਚੋਂ ਲਈ ਗਈ ਹੈ?
2) ਕੌਣ ਕਾਰ ਵਾਲ਼ੇ ਨੂੰ ਵੀ ਰੋਕ ਸਕਦਾ ਹੈ?
3) ਕਿਸ ਦਾ ਰੁਤਬਾ ਉੱਚਾ ਹੈ?

(ਅ)"ਨਹੀਂ ਤੂੰ ਭੁਲੇਖੇ ਵਿੱਚ ਰਿਹਾ ਹੈਂ। ਅਸ਼ੋਕ ਤੇ ਅਕਬਰ ਵਾਂਗ ਲੋਕਾਂ ਦੇ ਦਿਲਾਂ ਨੂੰ ਜਿੱਤਣ ਨਾਲ਼ ਰਾਜ ਦੀਆਂ ਨੀਂਹਾਂ ਪੱਕੀਆਂ ਹੁੰਦੀਆਂ ਹਨ। ਸਿੱਖ, ਮਰਾਠੇ, ਰਾਜਪੂਤ, ਸੰਤ, ਸਾਧੂ, ਸ਼ੀਆ, ਸੂਫ਼ੀ, ਕੁੱਲ ਹਿੰਦੂ ਜਾਤੀ ਤੇਰੀ ਹਕੂਮਤ ਤੋਂ ਦੁਖੀ ਹੈ।"

ਪ੍ਰਸ਼ਨ :

1) ਇਹ ਵਾਰਤਾਲਾਪ ਕਿਸ ਇਕਾਂਗੀ ਵਿੱਚੋਂ ਲਈ ਹੈ?
2) ਰਾਜ ਦੀਆਂ ਨੀਂਹਾਂ ਕਿਵੇਂ ਪੱਕੀਆਂ ਹੁੰਦੀਆਂ ਹਨ?
3) ਔਰੰਗਜ਼ੇਬ ਦੀ ਹਕੂਮਤ ਤੋਂ ਦੁਖੀ ਕਿਹੜੇ ਲੋਕਾਂ ਦਾ ਜ਼ਿਕਰ ਕੀਤਾ ਗਿਆ ਹੈ?

**10. ਨਾਵਲ 'ਇੱਕ ਹੋਰ ਨਵਾਂ ਸਾਲ' ਦੇ ਆਧਾਰ 'ਤੇ ਹੇਠ ਲਿਖੇ ਪਾਤਰਾਂ ਵਿੱਚੋਂ ਕਿਸੇ ਇੱਕ ਪਾਤਰ ਦਾ ਪਾਤਰ-ਚਿਤਰਨ ਲਗ-ਪਗ 150 ਸ਼ਬਦਾਂ ਵਿੱਚ ਲਿਖੋ: 5**

(ੳ) ਬੰਤਾ (ਅ) ਤਾਰੋ

## ਨਮੂਨਾ ਪ੍ਰਸ਼ਨ-ਪੱਤਰ 2

## ਜਮਾਤ: ਦਸਵੀਂ ਪੇਪਰ: ਪੰਜਾਬੀ 'ਏ'

**ਸਮਾਂ: 3 ਘੰਟੇ** **ਕੁੱਲ ਅੰਕ: 65**

**ਨੋਟ:** 1. ਪ੍ਰਸ਼ਨ-ਪੱਤਰ ਦੇ ਕੁੱਲ 10 ਪ੍ਰਸ਼ਨ ਹਨ।

2. ਸਾਰੇ ਪ੍ਰਸ਼ਨ ਜ਼ਰੂਰੀ ਹਨ।

3. ਵਸਤੂਨਿਸ਼ਠ ਪ੍ਰਸ਼ਨ ਦੇ ਤਿੰਨ ਭਾਗ (ੳ), (ਅ), ਅਤੇ (ੲ) ਹਨ।

ਭਾਗ (ੳ) ਵਿੱਚ ਸਾਹਿਤ-ਮਾਲ਼ਾ: 10 ਪਾਠ-ਪੁਸਤਕ ਵਿੱਚੋਂ ਦੋ ਪ੍ਰਸ਼ਨ ਕਾਵਿ-ਭਾਗ ਅਤੇ ਦੋ ਪ੍ਰਸ਼ਨ ਵਾਰਤਕ ਭਾਗ ਵਿੱਚੋਂ ਹੋਣਗੇ, ਭਾਗ (ਅ) ਵਿੱਚ ਵੰਨਗੀ ਪਾਠ-ਪੁਸਤਕ ਦੇ ਦੋ ਪ੍ਰਸ਼ਨ ਕਹਾਣੀ ਭਾਗ ਅਤੇ ਦੋ ਪ੍ਰਸ਼ਨ ਇਕਾਂਗੀ ਭਾਗ ਵਿੱਚੋਂ ਹੋਣਗੇ ਅਤੇ (ੲ) ਭਾਗ ਵਿੱਚ ਦੋ ਪ੍ਰਸ਼ਨ ਨਾਵਲ ਪਾਠ-ਪੁਸਤਕ ਵਿੱਚੋਂ ਹੋਣਗੇ। ਵਸਤੂਨਿਸ਼ਠ ਪ੍ਰਸ਼ਨਾਂ ਦੀ ਕੁੱਲ ਗਿਣਤੀ 10 ਹੋਵੇਗੀ।

**1. ਵਸਤੂਨਿਸ਼ਠ ਪ੍ਰਸ਼ਨ:** **ਅੰਕ: 20**

**ਭਾਗ-ੳ** **4×2=8**

(ੳ) 'ਸੋ ਕਿਉ ਮੰਦਾ ਆਖੀਐ' ਸ਼ਬਦ ਵਿੱਚ ਕਿਸ ਦੀ ਮਹਾਨਤਾ ਦੱਸੀ ਗਈ ਹੈ?

(ਅ) ਸ਼ਾਹ ਹੁਸੈਨ ਨੇ ਤਾਣਾ ਤੇ ਬਾਣਾ ਕਿਸ ਨੂੰ ਕਿਹਾ ਹੈ?

(ੲ) 'ਪ੍ਰਾਰਥਨਾ' ਲੇਖ ਕਿਸ ਲੇਖਕ ਦੀ ਰਚਨਾ ਹੈ?

(ਸ) 'ਬੋਲੀ' ਲੇਖ ਅਨੁਸਾਰ ਆਮ ਤੌਰ 'ਤੇ ਕੌਣ ਸਿਆਣੇ ਤੇ ਦਿਲਚਸਪ ਹੁੰਦੇ ਹਨ?

**ਭਾਗ-ਅ** **4×2=8**

(ਹ) ਰਸ਼ੀਦ ਦਾ ਪੁੱਤਰ ਅਸਲਮ ਪੜ੍ਹਾਈ ਕਰਨ ਲਈ ਕਿਹੜੇ ਦੇਸ ਗਿਆ ਸੀ?

(ਕ) ਬੰਮ ਨੂੰ ਕਿਸ ਨਾਲ਼ ਈਰਖਾ ਸੀ?

(ਖ) 'ਬੰਬ ਕੇਸ' ਇਕਾਂਗੀ ਦੇ ਇਕਾਂਗੀਕਾਰ ਦਾ ਨਾਂ ਲਿਖੋ।

(ਗ) ਨਿਹਾਲ ਕੌਰ ਮਨਜੀਤ ਦੀ ਕੀ ਲੱਗਦੀ ਹੈ?

**ਭਾਗ-ੲ** **2×2=4**

(ਘ) 'ਇੱਕ ਹੋਰ ਨਵਾਂ ਸਾਲ' ਨਾਵਲ ਦੀਆਂ ਘਟਨਾਵਾਂ ਕਿਸ ਦਿਨ ਵਾਪਰਦੀਆਂ ਹਨ?

(ਙ) 'ਇੱਕ ਹੋਰ ਨਵਾਂ ਸਾਲ' ਨਾਵਲ ਕਿਸ ਨਾਵਲਕਾਰ ਦੀ ਰਚਨਾ ਹੈ?

**2. ਹੇਠ ਲਿਖੇ ਕਾਵਿ-ਬੰਦਾਂ ਵਿੱਚੋਂ ਕਿਸੇ ਇੱਕ ਦੀ ਪ੍ਰਸੰਗ ਸਹਿਤ ਵਿਆਖਿਆ ਲਗ-ਪਗ 150 ਸ਼ਬਦਾਂ ਵਿੱਚ ਲਿਖੋ:** **2+3=5**

(ੳ) ਫਰੀਦਾ ਜਿਨੀ ਕੰਮੀ ਨਾਹਿ ਗੁਣ ਤੇ ਕੰਮੜੇ ਵਿਸਾਰਿ॥

ਮਤੁ ਸਰਮਿੰਦਾ ਥੀਵਹੀ ਸਾਂਈ ਦੈ ਦਰਬਾਰਿ॥

(ਅ) ਧੌਂਸਾ ਵੱਜਿਆ ਕੂਚ ਦਾ ਹੁਕਮ ਹੋਇਆ,

ਚੜ੍ਹੇ ਸੂਰਮੇ ਸਿੰਘ ਦਲੇਰ ਮੀਆਂ।

ਚੜ੍ਹੇ ਪੁਤ੍ਰ ਸਰਦਾਰਾਂ ਦੇ ਛੈਲ ਬਾਂਕੇ,

ਜੈਸੇ ਬੇਲਿਓਂ ਨਿਕਲ਼ਦੇ ਸ਼ੇਰ ਮੀਆਂ।

**3. ਹੇਠ ਲਿਖੀਆਂ ਕਵਿਤਾਵਾਂ ਵਿੱਚੋਂ ਕਿਸੇ ਇੱਕ ਕਵਿਤਾ ਦਾ ਕੇਂਦਰੀ ਭਾਵ ਲਗ-ਪਗ 40 ਸ਼ਬਦਾਂ ਵਿੱਚ ਲਿਖੋ:**

(ੳ) ਤੇਰਾ ਨਾਮ ਧਿਆਈਦਾ ਸਾਈਂ (ਬੁੱਲ੍ਹੇ ਸ਼ਾਹ) **4**

(ਅ) ਚੰਡੀ ਦੀ ਵਾਰ (ਗੁਰੂ ਗੋਬਿੰਦ ਸਿੰਘ ਜੀ)

**4. ਹੇਠ ਲਿਖੇ ਵਾਰਤਕ ਲੇਖਾਂ ਵਿੱਚੋਂ ਕਿਸੇ ਇੱਕ ਲੇਖ ਦਾ ਸਾਰ ਲਗ-ਪਗ 150 ਸ਼ਬਦਾਂ ਵਿੱਚ ਲਿਖੋ: 6**

(ੳ) ਬੋਲੀ (ਸ. ਗੁਰਬਖ਼ਸ਼ ਸਿੰਘ)

(ਅ) ਘਰ ਦਾ ਪਿਆਰ (ਪ੍ਰਿੰ. ਤੇਜਾ ਸਿੰਘ)

**5. ਵਾਰਤਕ ਲੇਖਾਂ ਦੇ ਹੇਠ ਲਿਖੇ ਅਭਿਆਸੀ ਪ੍ਰਸ਼ਨਾਂ ਵਿੱਚੋਂ ਕੋਈ ਦੋ ਪ੍ਰਸ਼ਨਾਂ ਦੇ ਉੱਤਰ ਆਪਣੀ ਪਾਠ-ਪੁਸਤਕ ਦੇ ਆਧਾਰ 'ਤੇ ਲਿਖੋ: 2×2=4**

(ੳ) 'ਬੋਲੀ ਮਨੁੱਖ ਦੀ ਆਤਮਾ ਦਾ ਚਿੱਤਰ ਹੈ।' ਇਸ ਕਥਨ ਤੋਂ ਲੇਖਕ ਦਾ ਕੀ ਭਾਵ ਹੈ?

(ਅ) ਬਾਬਾ ਰਾਮ ਸਿੰਘ ਜੀ ਨੂੰ 'ਬਾਬਾ' ਕਿਉਂ ਕਿਹਾ ਜਾਂਦਾ ਹੈ?

(ੲ) ਸਿੱਖ ਧਰਮ ਵਿੱਚ ਅਰਦਾਸ ਦੀ ਕੀ ਮਹੱਤਤਾ ਹੈ??

(ਸ) 'ਅਮੀਰ ਘਰਾਂ ਵਿੱਚ ਜੇ ਕਿਸੇ ਦੀ ਸਿਹਤ ਠੀਕ ਹੁੰਦੀ ਹੈ ਤਾਂ ਨੌਕਰਾਂ ਦੀ ਹੀ ਹੁੰਦੀ ਹੈ।' ਇਸ ਕਥਨ ਦੀ ਵਿਆਖਿਆ ਕਰੋ।

**6. ਹੇਠ ਲਿਖੀਆਂ ਕਹਾਣੀਆਂ ਵਿੱਚੋਂ ਕਿਸੇ ਇੱਕ ਕਹਾਣੀ ਦਾ ਸਾਰ ਲਗ-ਪਗ 150 ਸ਼ਬਦਾਂ ਵਿੱਚ ਲਿਖੋ: 6**

(ੳ) ਮੜ੍ਹੀਆਂ ਤੋਂ ਦੂਰ (ਰਘੁਬੀਰ ਢੰਡ)

(ਅ) ਇੱਕ ਪੈਰ ਘੱਟ ਤੁਰਨਾ (ਅਜੀਤ ਕੌਰ)

**7. ਕਹਾਣੀਆਂ ਦੇ ਹੇਠ ਲਿਖੇ ਅਭਿਆਸੀ ਪ੍ਰਸ਼ਨਾਂ ਵਿੱਚੋਂ ਕੋਈ ਦੋ ਪ੍ਰਸ਼ਨਾਂ ਦੇ ਉੱਤਰ ਆਪਣੀ ਪਾਠ-ਪੁਸਤਕ ਦੇ ਆਧਾਰ 'ਤੇ ਲਿਖੋ: 2×2=4**

(ੳ) ਬਚਪਨ ਵਿੱਚ ਅਮਰੀਕ ਕਿਹੋ-ਜਿਹੇ ਬਾਪ ਦੀ ਕਲਪਨਾ ਕਰਦਾ ਹੈ ਅਤੇ ਕਿਉਂ?

(ਅ) ਵੀਰਾਂ ਵਾਲੀ ਦੀ ਮੌਤ ਦਾ ਕੀ ਕਾਰਨ ਸੀ?

(ੲ) ਮਹਾਰਾਣੀ ਦੇ ਸੰਪਰਕ ਵਿੱਚ ਆਉਣ ਨਾਲ਼ ਬੰਮ ਦੇ ਵਤੀਰੇ ਵਿੱਚ ਕੀ ਤਬਦੀਲੀ ਆਈ?

(ਸ) ਡਾਕਟਰ, ਰਸ਼ੀਦ ਨੂੰ ਉਸ ਦੇ ਅਮਰੀਕਾ ਗਏ ਪੁੱਤਰ ਨੂੰ ਬੁਲਾਉਣ ਲਈ ਕਿਉਂ ਕਹਿੰਦਾ ਹੈ?

**8. ਹੇਠ ਲਿਖੇ ਪਾਤਰਾਂ ਵਿੱਚੋਂ ਕਿਸੇ ਇੱਕ ਪਾਤਰ ਦਾ ਪਾਤਰ-ਚਿਤਰਨ ਲਗ-ਪਗ 125 ਸ਼ਬਦਾਂ ਵਿੱਚ ਲਿਖੋ:**

(ੳ) ਪਿਤਾ (ਇਕਾਂਗੀ: ਨਾਇਕ) **5**

(ਅ) ਵਜ਼ੀਰਾ (ਇਕਾਂਗੀ: ਬੰਬ ਕੇਸ)

**9. ਹੇਠ ਲਿਖੀਆਂ ਵਾਰਤਾਲਾਪਾਂ ਵਿੱਚੋਂ ਕਿਸੇ ਇੱਕ ਵਾਰਤਾਲਾਪ ਦੇ ਪ੍ਰਸ਼ਨਾਂ ਦੇ ਉੱਤਰ ਲਿਖੋ: 3×2=6**

(ੳ) "ਓ ਗਾਡ। ਹਮਾਰਾ ਸਾਥ ਕੈਸਾ ਸ਼ੇਮਫੁਲ ਢੋਕਾ ਹੂਆ। ਆਪ ਪੰਜਾਬੀ ਲੋਕ ਕਾ ਬਰਾਡਰੀ ਯਿਹ ਹੋਟਾ। ਆਪ ਔਰਟ ਕੋ ਘਰ ਮੇਂ ਭੀ ਐਸਾ ਡੀਸੀਵ ਕਰਟਾ ਔਰ ਦੂਸਰਾ ਮੁਲਕ ਮੈਂ ਜਾ ਕਰ ਭੀ ਡੀਸੀਵ ਕਰਟਾ? ਸ਼ਰਮ ਕਾ ਬਾਟ, ਸ਼ੇਮ! ਸ਼ੇਮ!"

ਪ੍ਰਸ਼ਨ:

1) ਇਹ ਸ਼ਬਦ ਕਿਸ ਨੇ, ਕਿਸ ਨੂੰ ਕਹੇ?
2) ਮਰਸੀ ਆਪਣੇ ਨਾਲ ਹੋਏ ਕਿਸ ਧੋਖੇ ਦੀ ਗੱਲ ਕਰਦੀ ਹੈ?
3) ਮਰਸੀ 'ਸ਼ਰਮ ਕਾ ਬਾਟ, ਸ਼ੇਮ! ਸ਼ੇਮ! ਕਿਉਂ ਕਹਿੰਦੀ ਹੈ?

(ਅ) "ਬੇਸ਼ੱਕ ਮੈਂ ਉਸ ਦੇ ਬਾਪ ਤੇਗ਼ ਬਹਾਦਰ ਦੇ ਕਤਲ ਦਾ ਹੁਕਮ ਦਿੱਤਾ ਸੀ ਮਗਰ ਉਹ ਮੁਲਕੀ ਮਾਮਲਾ ਸੀ ਪਰ ਵਜ਼ੀਰ ਖ਼ਾਨ ਨੇ ਮੇਰਾ ਨਾਂ ਬਦਨਾਮ ਕੀਤਾ ਹੈ ਔਰ ਇਸਲਾਮ ਦੀ ਤੌਹੀਨ ਕੀਤੀ ਹੈ। ਦੱਸ, ਉਸ ਨੂੰ ਕਿਆ ਸਜ਼ਾ ਦਿੱਤੀ ਜਾਵੇ?"

ਪ੍ਰਸ਼ਨ:

1) ਇਹ ਸ਼ਬਦ ਕੌਣ, ਕਿਸ ਨੂੰ ਕਹਿੰਦਾ ਹੈ?
2) ਉਪਰੋਕਤ ਵਾਰਤਾਲਾਪ ਵਿਚਲੇ ਸ਼ਬਦ 'ਉਸ ਦੇ ਬਾਪ' ਕਿਸ ਸ਼ਖ਼ਸੀਅਤ ਵੱਲ ਇਸ਼ਾਰਾ ਕਰਦੇ ਹਨ?
3) ਵਜ਼ੀਰ ਖ਼ਾਨ ਨੇ ਔਰੰਗਜ਼ੇਬ ਦਾ ਨਾਂ ਕਿਵੇਂ ਬਦਨਾਮ ਕੀਤਾ?

**10. ਨਾਵਲ 'ਇੱਕ ਹੋਰ ਨਵਾਂ ਸਾਲ' ਦੇ ਆਧਾਰ 'ਤੇ ਹੇਠ ਲਿਖੇ ਪਾਤਰਾਂ ਵਿੱਚੋਂ ਕਿਸੇ ਇੱਕ ਪਾਤਰ ਦਾ ਪਾਤਰ-ਚਿਤਰਨ ਲਗ-ਪਗ 150 ਸ਼ਬਦਾਂ ਵਿੱਚ ਲਿਖੋ: 5**

(ੳ) ਫੁੰਮਣ (ਅ) ਦਿਆਲਾ

## ਨਮੂਨਾ ਪ੍ਰਸ਼ਨ-ਪੱਤਰ 1

## ਜਮਾਤ: ਦਸਵੀਂ ਪੇਪਰ: ਪੰਜਾਬੀ 'ਬੀ'

**ਸਮਾਂ: 3 ਘੰਟੇ** **ਕੁੱਲ ਅੰਕ: 65**

**ਨੋਟ:** 1. ਪ੍ਰਸ਼ਨ-ਪੱਤਰ ਦੇ ਕੁੱਲ 12 ਪ੍ਰਸ਼ਨ ਹਨ।

2. ਸਾਰੇ ਪ੍ਰਸ਼ਨ ਜ਼ਰੂਰੀ ਹਨ।

3. ਵਸਤੂਨਿਸ਼ਠ ਪ੍ਰਸ਼ਨਾਂ ਦੀ ਕੁੱਲ ਗਿਣਤੀ 10 ਹੋਵੇਗੀ ਅਤੇ ਹਰੇਕ ਪ੍ਰਸ਼ਨ ਦਾ ਇੱਕ ਅੰਕ ਹੋਵੇਗਾ।

**1. ਵਸਤੂਨਿਸ਼ਠ ਪ੍ਰਸ਼ਨ** **10×1=10**

(ੳ) ਭਾਸ਼ਾ ਦੇ ਸ਼ੁੱਧ ਤੇ ਮਿਆਰੀ ਰੂਪ ਨੂੰ ਸਮਝਣ ਲਈ ਕੀ ਜ਼ਰੂਰੀ ਹੈ?

(ਅ) ਉਹ ਕਿਹੜਾ ਸਾਧਨ ਹੈ ਜਿਸ ਰਾਹੀਂ ਮਨੁੱਖ ਆਪਣੇ ਵਿਚਾਰ ਤੇ ਭਾਵ ਦੂਜਿਆਂ ਤੱਕ ਪਹੁੰਚਾਉਂਦਾ ਹੈ?

(ੲ) ਵਿਆਕਰਨ ਅਨੁਸਾਰ ਮੂੰਹ ਵਿੱਚੋਂ ਨਿਕਲ਼ਨ ਵਾਲ਼ੀ ਅਵਾਜ਼ ਨੂੰ ਕੀ ਕਹਿੰਦੇ ਹਨ?

(ਸ) ਗੁਰਮੁਖੀ ਲਿਪੀ ਵਿੱਚ ਕਿੰਨੀਆਂ ਲਗਾਂ ਦੀ ਵਰਤੋਂ ਕੀਤੀ ਜਾਂਦੀ ਹੈ?

(ਹ) ਨਾਂਵ ਦੀਆਂ ਕਿੰਨੀਆਂ ਕਿਸਮਾਂ ਹੁੰਦੀਆਂ ਹਨ?

(ਕ) 'ਫ਼ਕੀਰ' ਸ਼ਬਦ ਦਾ ਇਸਤਰੀ-ਲਿੰਗ ਰੂਪ ਲਿਖੋ।

(ਖ) ਜਿਸ ਸ਼ਬਦ ਦੇ ਇੱਕ ਤੋਂ ਵੱਧ ਅਰਥ ਹੋਣ, ਉਸ ਨੂੰ ਕੀ ਕਹਿੰਦੇ ਹਨ?

(ਗ) 'ਗ਼ਰੀਬ ਨਾਲ਼ ਵਿਰਲਾ ਹੀ ਚੰਗਾ ਵਰਤਾਅ ਕਰਦਾ ਹੈ।' ਵਾਕ ਵਿੱਚ ਪੜਨਾਂਵ ਦੀ ਕਿਹੜੀ ਕਿਸਮ ਦੀ ਵਰਤੋਂ ਕੀਤੀ ਗਈ ਹੈ?

(ਘ) 'ਛੁੱਟੀਆਂ ਵਿੱਚ ਮੈਂ ਖ਼ੂਬ ਪੜ੍ਹਦਾ ਸੀ।' ਵਾਕ ਦਾ ਕਾਲ-ਰੂਪ ਕਿਹੜਾ ਹੈ।

(ਙ) 'ਸੁਆਰਨਾ' ਸ਼ਬਦ ਦਾ ਵਿਰੋਧਾਰਥਕ ਸ਼ਬਦ ਲਿਖੋ।

**2. ਹੇਠ ਲਿਖੇ ਵਿਸ਼ਿਆਂ ਵਿੱਚੋਂ ਕਿਸੇ ਇੱਕ ਵਿਸ਼ੇ ਉੱਤੇ ਲਗ-ਪਗ 400 ਸ਼ਬਦਾਂ ਦਾ ਲੇਖ ਲਿਖੋ। 10**

(ੳ) ਡਾ. ਭੀਮ ਰਾਓ ਅੰਬੇਦਕਰ

(ਅ) ਪ੍ਰਦੂਸ਼ਣ ਦੀ ਸਮੱਸਿਆ

(ੲ) ਦਿਵਾਲ਼ੀ

(ਸ) ਵਿਦਿਆਰਥੀ ਅਤੇ ਅਨੁਸ਼ਾਸਨ

(ਹ) ਕੰਪਿਊਟਰ

3. ਤੁਸੀਂ ਸਕੂਲ ਵੱਲੋਂ ਪੁਸ਼ਪਾ ਗੁਜਰਾਲ ਸਾਇੰਸ-ਸਿਟੀ ਵੇਖਣ ਲਈ ਵਿੱਦਿਅਕ ਯਾਤਰਾ 'ਤੇ ਗਏ ਸੀ। ਇੱਕ ਪੱਤਰ ਰਾਹੀਂ ਆਪਣੇ ਅਨੁਭਵ ਆਪਣੇ ਮਾਤਾ ਜੀ ਨਾਲ਼ ਸਾਂਝੇ ਕਰੋ।

***ਜਾਂ***

ਡਾਇਰੈਕਟਰ ਦੂਰਦਰਸ਼ਨ ਕੇਂਦਰ ਜਲੰਧਰ ਨੂੰ ਬੇਨਤੀ-ਪੱਤਰ ਲਿਖ ਕੇ ਵਿਦਿਆਰਥੀਆਂ ਲਈ ਪ੍ਰਸਾਰਿਤ ਕੀਤੇ ਪ੍ਰੋਗ੍ਰਾਮਾਂ ਬਾਰੇ ਰਾਏ ਦੇ ਕੇ ਉਹਨਾਂ ਨੂੰ ਹੋਰ ਚੰਗੇਰਾ ਬਣਾਉਣ ਲਈ ਸੁਝਾਅ ਦਿਓ।

**2+3+1=6**

**4. ਹੇਠ ਲਿਖੇ ਪੈਰੇ ਦੀ ਸੰਖੇਪ ਰਚਨਾ ਲਗ-ਪਗ ਇੱਕ ਤਿਹਾਈ ਸ਼ਬਦਾਂ ਵਿੱਚ ਲਿਖੋ ਅਤੇ ਢੁਕਵਾਂ ਸਿਰਲੇਖ ਵੀ ਲਿਖੋ। 1+5=6**

ਚੰਗੀਆਂ ਪੁਸਤਕਾਂ ਮਨੁੱਖ ਲਈ ਵਰਦਾਨ ਹਨ। ਜਦੋਂ ਦੁੱਖਾਂ-ਮੁਸੀਬਤਾਂ ਦੇ ਕਾਲ਼ੇ ਬੱਦਲ਼ ਸਾਡੇ ਜੀਵਨ ਨੂੰ ਹਨੇਰੀ ਬੁੱਕਲ਼ ਵਿੱਚ ਲਪੇਟ ਲੈਂਦੇ ਹਨ ਅਤੇ ਸਾਡੇ ਸੰਗੀ-ਸਾਥੀ ਤੇ ਮਿੱਤਰ-ਦੋਸਤ ਸਾਥ ਛੱਡ ਜਾਂਦੇ ਹਨ ਤਾਂ ਇਹ ਪੁਸਤਕਾਂ ਆਪਣੇ ਮਿੱਠੇ ਅਤੇ ਸਿਆਣੇ ਬੋਲਾਂ ਨਾਲ਼ ਸਾਡਾ ਹੌਸਲਾ ਵਧਾਉਂਦੀਆਂ ਹਨ, ਸਾਨੂੰ ਢਾਰਸ ਦਿੰਦੀਆਂ ਹਨ ਅਤੇ ਸਾਡੇ ਗਿਆਨ ਵਿੱਚ ਵਾਧਾ ਕਰਦੀਆਂ ਹਨ। ਇਹ ਸਾਨੂੰ ਦ੍ਰਿੜ੍ਹਤਾ ਨਾਲ਼ ਜਿਊਂਣ ਦੀ ਜਾਚ ਦੱਸਦੀਆਂ ਹਨ। ਮਨੁੱਖ ਦੀ ਹਜ਼ਾਰਾਂ ਵਰ੍ਹਿਆਂ ਦੀ ਸਿਆਣਪ ਅਤੇ ਤਜਰਬਿਆਂ ਦਾ ਨਿਚੋੜ ਇਹਨਾਂ ਵਿੱਚ ਛੁਪਿਆ ਹੁੰਦਾ ਹੈ। ਇਹਨਾਂ ਦੇ ਬੂਹੇ ਹਰ ਛੋਟੇ-ਵੱਡੇ, ਉੱਚੇ-ਨੀਵੇਂ, ਅਮੀਰ-ਗ਼ਰੀਬ ਲਈ ਸਦਾ ਖੁੱਲ੍ਹੇ ਰਹਿੰਦੇ ਹਨ। ਇਹ ਸਾਨੂੰ ਇੱਕ ਅਜਿਹੀ ਦੌਲਤ ਨਾਲ਼ ਮਾਲਾ-ਮਾਲ ਕਰਦੀਆਂ ਹਨ ਜਿਸ ਨੂੰ ਚੋਰ ਚੁਰਾ ਨਹੀਂ ਸਕਦਾ, ਪਾਣੀ ਰੋੜ੍ਹ ਨਹੀਂ ਸਕਦਾ, ਅੱਗ ਸਾੜ ਨਹੀਂ ਸਕਦੀ। ਚੰਗੀਆਂ ਪੁਸਤਕਾਂ ਮਨੁੱਖ ਦੀਆਂ ਸੱਚੀਆਂ ਦੋਸਤ ਹੁੰਦੀਆਂ ਹਨ; ਉਹ ਦੋਸਤ ਜੋ ਕਦੇ ਬੁਰਾ ਨਹੀਂ ਸੋਚ ਸਕਦਾ ਅਤੇ ਕਦੇ ਧੋਖਾ ਨਹੀਂ ਦਿੰਦਾ। ਵੱਡੇ ਭਾਗਾਂ ਵਾਲ਼ੇ ਹਨ ਉਹ ਲੋਕ ਜਿਨ੍ਹਾਂ ਨੂੰ ਉੱਤਮ ਪੁਸਤਕਾਂ ਪੜ੍ਹਨ ਦਾ ਸ਼ੌਕ ਹੈ।

**5. ਹੇਠ ਲਿਖੇ ਮੁਹਾਵਰਿਆਂ ਵਿੱਚੋਂ ਕੇਵਲ ਤਿੰਨ ਨੂੰ ਵਾਕਾਂ ਵਿੱਚ ਇਸ ਤਰ੍ਹਾਂ ਵਰਤੋ ਕਿ ਅਰਥ ਸਪਸ਼ਟ ਹੋ ਜਾਣ: 3×2=6**

(ੳ) ਉੱਚਾ ਸਾਹ ਨਾ ਕੱਢਣਾ

(ਅ) ਅੱਡੀ-ਚੋਟੀ ਦਾ ਜ਼ੋਰ ਲਾਉਣਾ

(ੲ) ਈਨ ਮੰਨਣਾ

(ਸ) ਚੜ੍ਹਦੀ ਕਲਾ ਵਿੱਚ ਹੋਣਾ

(ਹ) ਵਾਲ਼ ਦੀ ਖੱਲ ਲਾਹੁਣਾ

(ਕ) ਖ਼ੂਨ ਸਫ਼ੈਦ ਹੋਣਾ

**6. ਵਿਸਰਾਮ-ਚਿੰਨ੍ਹ ਲਾ ਕੇ ਹੇਠਾਂ ਦਿੱਤੇ ਵਾਕ ਨੂੰ ਦੁਬਾਰਾ ਲਿਖੋ: 6×½=3**

ਇੱਕ ਸਿੱਖ ਨੇ ਆ ਕੇ ਗੁਰੂ ਨਾਨਕ ਦੇਵ ਜੀ ਤੋਂ ਪੁੱਛਿਆ ਪਾਤਸ਼ਾਹ ਮੈਂ ਬਾਣੀ ਤਾਂ ਹਰ ਰੋਜ਼ ਪੜ੍ਹਦਾ ਹਾਂ ਸਿਮਰਨ ਵੀ ਕਰਨ ਦਾ ਜਤਨ ਕਰਦਾ ਰਹਿੰਦਾ ਹਾਂ ਪਰ ਮਨ ਫਿਰ ਵੀ ਭਟਕਦਾ ਫਿਰਦਾ ਹੈ ਅਜੇ ਤੱਕ ਸ਼ਾਂਤੀ ਨਹੀਂ ਮਿਲੀ

**7. ਹੇਠ ਲਿਖੇ ਪ੍ਰਸ਼ਨਾਂ ਦੇ ਸੰਖੇਪ ਉੱਤਰ ਲਿਖੋ: 2+2+2=6**

(ੳ) 1. ਉਪਭਾਸ਼ਾ ਕਿਸ ਨੂੰ ਕਹਿੰਦੇ ਹਨ?

2. ਟਕਸਾਲੀ ਜਾਂ ਮਿਆਰੀ ਪੰਜਾਬੀ ਭਾਸ਼ਾ ਕਿਸ ਨੂੰ ਕਹਿੰਦੇ ਹਨ?

(ਅ) ਪੰਜਾਬੀ ਵਿੱਚ ਸ੍ਵਰ-ਧੁਨੀਆਂ ਕਿਹੜੀਆਂ-ਕਿਹੜੀਆਂ ਹਨ?

**8. ਹੇਠ ਲਿਖੇ ਪ੍ਰਸ਼ਨਾਂ ਦੇ ਸੰਖੇਪ ਉੱਤਰ ਲਿਖੋ: 1+1=2**

(ੳ) 'ਟਿੱਪੀ' ਕਿਹੜੀਆਂ ਲਗਾਂ ਨਾਲ਼ ਆ ਸਕਦੀ ਹੈ?

(ਅ) ਗੁਰਮੁਖੀ ਲਿਪੀ ਵਿੱਚ ਲਗਾਖਰ ਦੀ ਗਿਣਤੀ ਕਿੰਨੀ ਹੈ?

**9. (ੳ)** ਨਾਂਵ ਜਾਂ ਕਿਰਿਆ ਦੀ ਪਰਿਭਾਸ਼ਾ ਉਦਾਹਰਨਾਂ ਸਹਿਤ ਲਿਖੋ।

**(ਅ)** ਵਿਸ਼ੇਸ਼ਣ ਦੀਆਂ ਕੋਈ ਦੋ ਕਿਸਮਾਂ ਉਦਾਹਰਨਾਂ ਸਹਿਤ ਲਿਖੋ। **2+2=4**

**10. ਹੇਠ ਲਿਖੇ ਵਾਕ ਨੂੰ ਵਚਨ ਤੇ ਲਿੰਗ ਬਦਲਣ ਉਪਰੰਤ ਦੋ ਵੱਖੋ-ਵੱਖਰੇ ਵਾਕਾਂ ਵਿੱਚ ਲਿਖੋ: 2**

ਹਾਥੀ ਜੰਗਲ਼ ਵਿੱਚ ਰਹਿੰਦਾ ਹੈ।

**11. ਹੇਠ ਲਿਖੇ ਵਾਕ ਨੂੰ ਭੂਤ-ਕਾਲ ਅਤੇ ਭਵਿਖਤ-ਕਾਲ ਵਿੱਚ ਬਦਲਣ ਉਪਰੰਤ ਦੋ ਵੱਖੋ-ਵੱਖਰੇ ਵਾਕਾਂ ਵਿੱਚ ਲਿਖੋ: 4**

ਕੋਮਲ ਸਕੂਲ ਜਾ ਰਹੀ ਹੈ।

**12. (ੳ)** 'ਦੌਰਾ' ਸ਼ਬਦ ਦੇ ਦੋ ਵੱਖ-ਵੱਖ ਅਰਥ ਦਰਸਾਉਂਦੇ ਵਾਕ ਬਣਾਓ।

**(ਅ)** 'ਇਸਤਰੀ' ਸ਼ਬਦ ਦੇ ਦੋ ਸਮਾਨਾਰਥਕ ਸ਼ਬਦ ਲਿਖੋ।

**(ੲ)** ਬਹੁਤੇ ਸ਼ਬਦਾਂ ਲਈ ਇੱਕ ਢੁਕਵਾਂ ਸ਼ਬਦ ਲਿਖੋ:

ਕਿਸੇ ਲੇਖਕ ਜਾਂ ਕਲਾਕਾਰ ਦੀ ਸਭ ਤੋਂ ਉੱਤਮ ਰਚਨਾ **2+2+2=6**

## ਨਮੂਨਾ ਪ੍ਰਸ਼ਨ-ਪੱਤਰ 2

## ਜਮਾਤ: ਦਸਵੀਂ ਪੇਪਰ: ਪੰਜਾਬੀ 'ਬੀ'

**ਸਮਾਂ: 3 ਘੰਟੇ** **ਕੁੱਲ ਅੰਕ: 65**

**ਨੋਟ:** 1. ਪ੍ਰਸ਼ਨ-ਪੱਤਰ ਦੇ ਕੁੱਲ 12 ਪ੍ਰਸ਼ਨ ਹਨ।

2. ਸਾਰੇ ਪ੍ਰਸ਼ਨ ਜ਼ਰੂਰੀ ਹਨ।

3. ਵਸਤੂਨਿਸ਼ਠ ਪ੍ਰਸ਼ਨਾਂ ਦੀ ਕੁੱਲ ਗਿਣਤੀ 10 ਹੋਵੇਗੀ ਅਤੇ ਹਰੇਕ ਪ੍ਰਸ਼ਨ ਦਾ ਇੱਕ ਅੰਕ ਹੋਵੇਗਾ।

**1. ਵਸਤੂਨਿਸ਼ਠ ਪ੍ਰਸ਼ਨ** **10×1=10**

(ੳ) ਵਿਆਕਰਨ ਦੇ ਕਿਸ ਭਾਗ ਅਧੀਨ ਧੁਨੀਆਂ ਦਾ ਅਧਿਐਨ ਕੀਤਾ ਜਾਂਦਾ ਹੈ?

(ਅ) ਬੋਲੀ/ਭਾਸ਼ਾ ਕਿੰਨੇ ਪ੍ਰਕਾਰ ਦੀ ਹੁੰਦੀ ਹੈ?

(ੲ) ਪੰਜਾਬੀ ਵਿੱਚ ਨਾਸਕੀ ਵਿਅੰਜਨ ਕਿਹੜੇ-ਕਿਹੜੇ ਹਨ?

(ਸ) ਪੰਜਾਬੀ ਭਾਸ਼ਾ ਲਈ ਢੁਕਵੀਂ ਲਿਪੀ ਕਿਹੜੀ ਹੈ?

(ਹ) ਵਿਸ਼ੇਸ਼ਣ ਦੀਆਂ ਕਿੰਨੀਆਂ ਕਿਸਮਾਂ ਹੁੰਦੀਆਂ ਹਨ?

(ਕ) 'ਗੁਪਤ' ਸ਼ਬਦ ਦਾ ਵਿਰੋਧਾਰਥਕ ਰੂਪ ਲਿਖੋ।

(ਖ) ਮਨ ਦੀ ਖ਼ੁਸ਼ੀ, ਗ਼ਮੀ, ਹੈਰਾਨੀ ਪ੍ਰਗਟ ਕਰਨ ਲਈ ਕਿਸ ਵਿਸਰਾਮ-ਚਿੰਨ੍ਹ ਦੀ ਵਰਤੋਂ ਕੀਤੀ ਜਾਂਦੀ ਹੈ?

(ਗ) 'ਸ਼ਾਮ ਘੜੀ-ਮੁੜੀ ਸਾਡੇ ਵੱਲ ਵੇਖ ਰਿਹਾ ਸੀ।' ਵਾਕ ਵਿੱਚ ਕਿਰਿਆ-ਵਿਸ਼ੇਸ਼ਣ ਦੀ ਕਿਹੜੀ ਕਿਸਮ ਦੀ ਵਰਤੋਂ ਕੀਤੀ ਗਈ ਹੈ?

(ਘ) 'ਆਪਣੇ ਜੀਵਨ ਦਾ ਹਾਲ' ਲਈ ਇੱਕ ਢੁਕਵਾਂ ਸ਼ਬਦ ਲਿਖੋ।

(ਙ) 'ਬਹਾਦਰ' ਸ਼ਬਦ ਦਾ ਸਮਾਨਾਰਥਕ ਸ਼ਬਦ ਲਿਖੋ।

**2. ਹੇਠ ਲਿਖੇ ਵਿਸ਼ਿਆਂ ਵਿੱਚੋਂ ਕਿਸੇ ਇੱਕ ਉੱਤੇ ਲਗ-ਪਗ 400 ਸ਼ਬਦਾਂ ਦਾ ਲੇਖ ਲਿਖੋ।** **10**

(ੳ) ਸ਼ਹੀਦ ਭਗਤ ਸਿੰਘ

(ਅ) ਨਸ਼ਾ ਨਾਸ ਕਰਦਾ ਹੈ

(ੲ) ਅੱਖੀਂ ਡਿੱਠਾ ਮੇਲਾ

(ਸ) ਲਾਇਬ੍ਰੇਰੀ

(ਹ) ਮੋਬਾਈਲ ਫ਼ੋਨ ਦਾ ਵਧਦਾ ਰੁਝਾਨ

**3.** ਤੁਹਾਡੇ ਮਿੱਤਰ ਦੀ ਭੈਣ ਦੀ ਸ਼ਾਦੀ ਸੀ, ਤੁਹਾਨੂੰ ਇਸ ਮੌਕੇ ਸੱਦਿਆ ਗਿਆ ਸੀ ਪਰ ਤੁਸੀ ਕਿਸੇ ਕਾਰਨ ਪਹੁੰਚ ਨਹੀਂ ਸਕੇ। ਇੱਕ ਪੱਤਰ ਰਾਹੀਂ ਆਪਣੇ ਨਾ ਪਹੁੰਚਣ ਦਾ ਕਾਰਨ ਦੱਸੋ।

***ਜਾਂ***

ਤੁਸੀਂ ਚੰਗੇ ਨੰਬਰਾਂ ਨਾਲ਼ ਦਸਵੀਂ ਜਮਾਤ ਪਾਸ ਹੋ, ਆਪਣੇ ਜ਼ਿਲ੍ਹੇ ਦੇ ਡਿਪਟੀ ਕਮਿਸ਼ਨਰ ਨੂੰ ਸੁਵਿਧਾ ਕੇਂਦਰ ਵਿੱਚ ਨੌਕਰੀ ਪ੍ਰਾਪਤ ਕਰਨ ਲਈ ਬੇਨਤੀ-ਪੱਤਰ ਲਿਖੋ। **2+3+1=6**

**4. ਹੇਠ ਲਿਖੇ ਪੈਰੇ ਦੀ ਸੰਖੇਪ ਰਚਨਾ ਲਗ-ਪਗ ਇੱਕ ਤਿਹਾਈ ਸ਼ਬਦਾਂ ਵਿੱਚ ਲਿਖੋ ਅਤੇ ਢੁਕਵਾਂ ਸਿਰਲੇਖ ਵੀ**

**ਲਿਖੋ:** **1+5=6**

ਆਦਿ ਕਾਲ ਤੋਂ ਹੀ ਇਸ ਦੇਸ ਵਿੱਚ, ਜੀਵਨ ਦੇ ਹਰ ਖੇਤਰ ਵਿੱਚ, ਅਸਧਾਰਨ ਵਿਅਕਤੀਆਂ ਦਾ ਪ੍ਰਕਾਸ਼ ਹੋਇਆ ਹੈ। ਸਾਡਾ ਇਤਿਹਾਸ ਅਜਿਹੇ ਮਹਾਨ ਲੋਕਾਂ ਦੇ ਨਾਂਵਾਂ ਨਾਲ਼ ਭਰਿਆ ਪਿਆ ਹੈ, ਜਿਨ੍ਹਾਂ ਦੀ ਕਲਾ, ਸਾਹਿਤ, ਰਾਜਨੀਤੀ, ਵਿਗਿਆਨ ਅਤੇ ਦੂਜੇ ਖੇਤਰਾਂ ਵਿੱਚ ਮਹੱਤਵਪੂਰਨ ਦੇਣ ਰਹੀ ਹੈ। ਬਹੁਤ ਸਾਰੇ ਅਜਿਹੇ ਵਿਅਕਤੀ ਹੋਏ ਹਨ ਜਿਨ੍ਹਾਂ ਦੇ ਨਾਂਵਾਂ ਤੋਂ ਲੋਕੀਂ ਵਾਕਫ਼ ਹਨ, ਪਰ ਜਿਨ੍ਹਾਂ ਦੇ ਜੀਵਨ-ਵਿਹਾਰ ਅਤੇ ਕੰਮ ਬਾਰੇ ਲੋਕਾਂ ਨੂੰ ਜਾਣਕਾਰੀ ਨਹੀਂ ਹੈ। ਕਿਸੇ ਦੇਸ ਦਾ ਇਤਿਹਾਸ, ਕਾਫ਼ੀ ਹੱਦ ਤੱਕ, ਉਸ ਦੇ ਇਸਤਰੀ-ਪੁਰਸ਼ਾਂ ਦਾ ਇਤਿਹਾਸ ਹੁੰਦਾ ਹੈ। ਉਹਨਾਂ ਨੇ ਹੀ ਉਸ ਨੂੰ ਘੜਿਆ, ਸੁਆਰਿਆ ਅਤੇ ਉਸ ਦਾ ਵਿਕਾਸ ਕੀਤਾ ਹੁੰਦਾ ਹੈ। ਆਮ ਲੋਕਾਂ ਲਈ ਇਹ ਜ਼ਰੂਰੀ ਹੈ ਕਿ ਉਹ ਉਹਨਾਂ ਮਹਾਨ ਸ਼ਖ਼ਸੀਅਤਾਂ ਬਾਰੇ ਕੁਝ ਜਾਣਨ ਤਾਂਕਿ ਉਹ ਇਹ ਸਮਝ ਸਕਣ ਕਿ ਦੇਸ ਦਾ ਵਿਕਾਸ ਕਿਨ੍ਹਾਂ ਪੜਾਵਾਂ ਵਿੱਚੋਂ ਲੰਘ ਕੇ ਆਇਆ ਹੈ।

**5. ਹੇਠ ਲਿਖੇ ਮੁਹਾਵਰਿਆਂ ਵਿੱਚੋਂ ਕੇਵਲ ਤਿੰਨ ਨੂੰ ਵਾਕਾਂ ਵਿੱਚ ਇਸ ਤਰ੍ਹਾਂ ਵਰਤੋ ਕਿ ਅਰਥ ਸਪਸ਼ਟ ਹੋ ਜਾਣ:** **3×2=6**

(ੳ) ਉੱਚਾ-ਨੀਵਾਂ ਬੋਲਣਾ

(ਅ) ਟਕੇ ਵਰਗਾ ਜਵਾਬ ਦੇਣਾ

(ੲ) ਜ਼ਖ਼ਮਾਂ ਉੱਤੇ ਲੂਣ ਛਿੜਕਣਾ

(ਸ) ਰਾਈ ਦਾ ਪਹਾੜ ਬਣਾਉਣਾ

(ਹ) ਖੁੰਬ ਠੱਪਣਾ

(ਕ) ਮਰਨ ਦੀ ਵਿਹਲ ਨਾ ਹੋਣਾ

**6. ਵਿਸਰਾਮ-ਚਿੰਨ੍ਹ ਲਾ ਕੇ ਵਾਕ ਨੂੰ ਦੁਬਾਰਾ ਲਿਖੋ:** **6×½ =3**

ਕਿਤਾਬਾਂ ਦੀ ਦੁਕਾਨ ਚ ਵੜਦਿਆਂ ਦੁਕਾਨ ਵਾਲੇ ਨੂੰ ਸੰਬੋਧਨ ਹੋ ਕੇ ਯੁਵੀ ਬੋਲਿਆ ਅੰਕਲ ਉਹ ਉੱਡਣਾ ਸਿੱਖ ਮਿਲਖਾ ਸਿੰਘ ਕਿਤਾਬ ਕਿਤਿਓਂ ਮਿਲੀ ਕਿ ਨਹੀਂ ਮੈਂ ਪਿਛਲੀ ਵਾਰ ਵੀ ਤੁਹਾਨੂੰ ਕਿਹਾ ਸੀ ਕਿ ਮੰਗਵਾ ਦਿਓ ਯਾਦ ਨਹੀਂ ਰਿਹਾ ਮੈਂ ਐਸ ਹਫ਼ਤੇ ਹੀ ਮੰਗਵਾ ਦਿਆਂਗਾ ਡਾਇਰੀ ਚ ਨੋਟ ਕਰ ਲੈਂਦਾ ਹਾਂ

**7. ਹੇਠ ਲਿਖੇ ਪ੍ਰਸ਼ਨਾਂ ਦੇ ਸੰਖੇਪ ਉੱਤਰ ਲਿਖੋ:** **2+2+2=6**

**(ੳ)** 1. ਅਜੋਕੇ ਸਮੇਂ ਪੰਜਾਬੀ ਦੀਆਂ ਉਪਭਾਸ਼ਾਵਾਂ ਦੇ ਆਪਸੀ ਅੰਤਰ ਕਿਉਂ ਘਟਦੇ ਜਾ ਰਹੇ ਹਨ?

2. ਵਿਆਕਰਨ ਦੀ ਪੜ੍ਹਾਈ ਕਿਉਂ ਜ਼ਰੂਰੀ ਹੈ?

**(ਅ)** ਅਜੋਕੀ ਪੰਜਾਬੀ ਵਿੱਚ ਕਿਹੜੀਆਂ ਧੁਨੀਆਂ ਨਾਲ਼ ਕੋਈ ਸ਼ਬਦ ਸ਼ੁਰੂ ਨਹੀਂ ਹੁੰਦਾ?

**8. ਹੇਠ ਲਿਖੇ ਪ੍ਰਸ਼ਨਾਂ ਦੇ ਸੰਖੇਪ ਉੱਤਰ ਲਿਖੋ:** **1+1=2**

**(ੳ)** ਉਹ ਕਿਹੜਾ ਅੱਖਰ ਹੈ ਜਿਸ ਨਾਲ਼ ਹੋੜਾ ਲਗ ਲਾਉਣ ਲਈ ਉਸ ਅੱਖਰ ਦਾ ਮੂੰਹ ਖੁੱਲ੍ਹਾ ਕਰ ਦਿੱਤਾ ਜਾਂਦਾ ਹੈ?

**(ਅ)** ਗੁਰਮੁਖੀ ਲਿਪੀ ਵਿੱਚ ਕਿੰਨੀਆਂ ਲਗਾਂ ਨਾਲ਼ ਬਿੰਦੀ ਦੀ ਵਰਤੋਂ ਕੀਤੀ ਜਾਂਦੀ ਹੈ?

**9. (ੳ)** ਪੜਨਾਂਵ ਜਾਂ ਯੋਜਕ ਦੀ ਪਰਿਭਾਸ਼ਾ ਉਦਾਹਰਨਾਂ ਸਹਿਤ ਲਿਖੋ।

**(ਅ)** ਨਾਂਵ ਦੀਆਂ ਕੋਈ ਦੋ ਕਿਸਮਾਂ ਉਦਾਹਰਨਾਂ ਸਹਿਤ ਲਿਖੋ। **2+2=4**

**10. ਹੇਠ ਲਿਖੇ ਵਾਕ ਨੂੰ ਵਚਨ ਤੇ ਲਿੰਗ ਬਦਲਣ ਉਪਰੰਤ ਦੋ ਵੱਖੋ-ਵੱਖਰੇ ਵਾਕਾਂ ਵਿੱਚ ਲਿਖੋ:** **2**

ਚੰਗੇ ਬੱਚੇ ਮਾਪਿਆਂ ਦਾ ਨਾਂ ਦੁਨੀਆ ਵਿੱਚ ਰੋਸ਼ਨ ਕਰਦੇ ਹਨ।

**11. ਹੇਠ ਲਿਖੇ ਵਾਕ ਨੂੰ ਵਰਤਮਾਨ ਕਾਲ ਅਤੇ ਭਵਿਖਤ ਕਾਲ ਵਿੱਚ ਬਦਲਣ ਉਪਰੰਤ ਦੋ ਵੱਖੋ-ਵੱਖਰੇ ਵਾਕਾਂ ਵਿੱਚ ਲਿਖੋ:** **4**

ਸਿਮਰਨ ਕਿਤਾਬ ਪੜ੍ਹਦੀ ਸੀ।

**12. (ੳ)** **'ਫੁੱਲ'** ਸ਼ਬਦ ਦੇ ਦੋ ਵੱਖ-ਵੱਖ ਅਰਥ ਦਰਸਾਉਂਦੇ ਵਾਕ ਬਣਾਓ।

**(ਅ)** **'ਜਿਸਮ'** ਸ਼ਬਦ ਦੇ ਦੋ ਸਮਾਨਾਰਥਕ ਸ਼ਬਦ ਲਿਖੋ।

**(ੲ)** ਬਹੁਤੇ ਸ਼ਬਦਾਂ ਲਈ ਇੱਕ ਢੁਕਵਾਂ ਸ਼ਬਦ ਲਿਖੋ:

ਮੌਤ ਪਿੱਛੋਂ ਆਇਆ ਮੌਤ ਦਾ ਸਲਾਨਾ ਦਿਨ **2+2+2=6**